**ਸੈਸ਼ਨ: 2025-26**
**ਜਮਾਤ: ਸੱਤਵੀਂ**
**ਵਿਸ਼ਾ: ਪੰਜਾਬੀ**

# ਪਾਠ-2 (ਮੋਤੀ)

➤ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮੋਤੀ ਮੇਰਾ ਨਿੱਕਾ ਜਿਹਾ ਪਿਆਰਾ ਕੁੱਤਾ ਸੀ।ਇਹ ਪਿਸਤੀ ਨਸਲ 'ਚੋਂ ਸੀ ਤੇ ਕੰਨਾਂ ਤੋਂ ਫੜ ਕੇ ਚੁੱਕਿਆਂ ਵੀ ਨਹੀਂ ਸੀ ਚੂਕਦਾ।ਪਿਤਾ ਜੀ ਨੇ ਮੇਰੇ ਮਗਰ ਪੈਣ 'ਤੇ ਮੈਨੂੰ ਇਸ ਕੁੱਤੇ ਦੇ ਰੱਖਣ ਦੀ ਆਗਿਆ ਦਿੱਤੀ ਸੀ। ਇੱਕ ਦਿਨ ਪਿਤਾ ਜੀ ਆਪਣੇ ਇੱਕ ਬੰਗਾਲੀ ਮਿੱਤਰ ਨੂੰ ਮਿਲਨ ਗਏ।ਮੈਂ ਵੀ ਨਾਲ਼ ਸਾਂ।ਕਾਊਚ ਦੇ ਹੇਠੋਂ ਕੋਈ ਕੂਲ਼ੀ-ਕੂਲ਼ੀ ਚੀਜ਼ ਮੈਨੂੰ ਛੂਹੀ।ਮੈਂ ਥੱਲੇ ਦੇਖਿਆ ਤੇ ਡਰਿਆ।ਇਹ ਇੱਕ ਕੁੱਤੇ ਦੀ ਬੂਥੀ ਸੀ।ਪਿਤਾ ਜੀ ਦੇ ਦੋਸਤ ਨੇ ਕਿਹਾ, "ਡਰ ਨਾ, ਬੱਚਾ! ਇਹ ਵੱਢਦਾ ਨਹੀਂ।" ਕੁੱਤਾ ਬੜਾ ਚਿਰ ਮੇਰੇ ਨਾਲ਼ ਪਿਆਰ ਕਰਦਾ ਰਿਹਾ।ਮੈਂ ਉਸ ਨਾਲ਼ ਚੰਪਕ-ਕੁੰਜ ਵਿੱਚ ਕਿੰਨਾ ਚਿਰ ਖੇਡਦਾ ਰਿਹਾ।ਆਉਣ ਲੱਗਿਆਂ ਮੇਰਾ ਚਿਹਰਾ ਉਦਾਸ ਜਿਹਾ ਦੇਖ ਕੇ ਪਿਤਾ ਜੀ ਦੇ ਮਿੱਤਰ ਨੇ ਕਿਹਾ,"ਕੀ ਗੱਲ ਹੈ, ਬੇਟਾ! ਉਦਾਸ ਕਿਉਂ ਹੈਂ?" ਮੈਂ ਉਸ ਵੱਲ ਬਿਨਾਂ ਦੇਖਿਆਂ ਤੇ ਬਿਨਾਂ ਉੱਤਰ ਦਿੱਤਿਆਂ ਪਿਤਾ ਜੀ ਵੱਲ ਬੜੀ ਮਿਠਾਸ ਤੇ ਅਰਜ਼ੋਈ ਭਰੀ ਨਜ਼ਰ ਤੱਕਦਿਆਂ ਉਸ ਆਪਣੇ ਯਾਰ ਕੁੱਤੇ ਵੱਲ ਇਸ਼ਾਰਾ ਕੀਤਾ। ਪਿਤਾ ਜੀ ਨੇ ਅੱਖ ਦੀ ਬੇਮਲੂਮ ਘੂਰੀ ਦਿੱਤੀ ਤੇ ਮੈਂ ਸਹਿਮ ਗਿਆ।ਪਿਤਾ ਜੀ ਦੇ ਮਿੱਤਰ ਨੇ ਕਿਹਾ,"ਦੋਸਤ! ਇੱਕ ਕੁੱਤੇ ਪਿੱਛੇ ਮੈਂ ਆਪਣੇ ਬੇਟੇ ਨੂੰ ਨਰਾਜ਼ ਤੇ ਉਦਾਸ ਨਹੀਂ ਦੇਖਣਾ ਚਾਹੁੰਦਾ।" ਮੇਰੇ ਵੱਲ ਪਿਆਰ ਭਰੀ ਨਜ਼ਰ ਤੱਕ ਕੇ ਉਸ ਕਿਹਾ "ਬੇਟਾ! ਤੂੰ ਮੋਤੀ ਲੈਣਾ ਹੈ? ਜਾ, ਲੈ ਜਾ, ਬੀਬਾ ਪੁੱਤਰ!"

1. **'ਪਿਸਤੀ' ਸ਼ਬਦ ਦਾ ਸੰਬੰਧ ਕਿਸ ਨਾਲ਼ ਹੈ?**
   ੳ. ਲੇਖਕ ਨਾਲ਼   ਅ. ਪਿਤਾ ਜੀ ਨਾਲ਼
   ੲ. ਮੋਤੀ ਨਾਲ਼   ਸ. ਬੰਗਾਲੀ ਮਿੱਤਰ ਨਾਲ਼।
2. **ਅਰਜ਼ੋਈ ਭਰੀ ਨਜ਼ਰ ਨਾਲ਼ ਕਿਸ ਨੇ ਤੱਕਿਆ?**
   ੳ. ਲੇਖਕ ਨੇ   ਅ. ਕੁੱਤੇ ਨੇ
   ੲ. ਪਿਤਾ ਜੀ ਨੇ   ਸ. ਬੰਗਾਲੀ ਮਿੱਤਰ ਨੇ।
3. **'ਬੀਬਾ ਪੁੱਤਰ!' ਕਿਸ ਨੇ ਕਿਸ ਨੂੰ ਕਿਹਾ?**
   ੳ. ਪਿਤਾ ਨੇ ਪੁੱਤਰ ਨੂੰ   ਅ. ਪਿਤਾ ਜੀ ਦੇ ਮਿੱਤਰ ਨੇ ਲੇਖਕ ਨੂੰ
   ੲ. ਲੇਖਕ ਨੇ ਮੋਤੀ ਨੂੰ   ਸ. ਪਿਤਾ ਨੇ ਮੋਤੀ ਨੂੰ
4. **ਲੇਖਕ ਮੋਤੀ ਨੂੰ ਪਹਿਲੀ ਵਾਰ ਕਿੱਥੇ ਮਿਲ਼ਿਆ?**
   ੳ. ਬੰਗਾਲ ਵਿੱਚ   ਅ. ਦੋਸਤ ਦੇ ਘਰ
   ੲ. ਚੰਪਕ-ਕੁੰਜ ਵਿੱਚ   ਸ. ਪਿਤਾ ਜੀ ਦੇ ਦੋਸਤ ਦੇ ਘਰ।
5. **ਲੇਖਕ ਕਿਸ ਤੋਂ ਡਰ ਗਿਆ ਸੀ?**
   ੳ. ਪਿਤਾ ਜੀ ਤੋਂ   ਅ. ਕੁੱਤੇ ਤੋਂ
   ੲ. ਪਿਤਾ ਜੀ ਦੇ ਦੋਸਤ ਤੋਂ   ਸ. ਉਪਰੋਕਤ ਵਿੱਚੋਂ ਕੋਈ ਨਹੀਂ।

➤ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮੇਮ ਨੇ ਮੇਰੇ ਵੱਲ ਦੇਖਿਆ ਤੇ ਕਹਿਣ ਲੱਗੀ, "ਤਾਂ ਇਹ ਤੁਹਾਡਾ ਬੱਚਾ ਹੈ!" ਉਸ ਨੇ ਮੇਰੀ ਖੱਬੀ ਗੱਲ੍ਹ ਨੂੰ ਥਪਕਿਆ ਤੇ ਇਸ ਤੋਂ ਬਾਅਦ ਮੇਮ ਵੀ ਮੋਤੀ ਦੀ ਮਿੱਤਰ ਬਣ ਗਈ। ਮੋਤੀ ਮੇਰੇ ਹਰ ਮਿੱਤਰ ਦਾ ਝੱਟ ਦੋਸਤ ਬਣ ਜਾਂਦਾ ਸੀ। ਛੁੱਟੀ ਵਾਲ਼ੇ ਦਿਨ ਉਹ ਅਕਸਰ ਸਟੀਮਰ ਦੇ ਪਹੁੰਚਣ 'ਤੇ ਆਪਣੇ ਬੰਗਲੇ ਦੇ ਬਰਾਂਡੇ ਵਿੱਚ ਮੋਤੀ ਦੀ ਉਡੀਕ ਕਰ ਰਹੀ ਹੁੰਦੀ ਸੀ। ਮੋਤੀ ਪਿੱਛੇ ਮੈਨੂੰ ਆਂਡੇ, ਦੁੱਧ, ਕੇਕ, ਬਿਸਕੁਟ, ਚਾਕਲੇਟ ਤੇ ਸੈਂਡਵਿਚਾਂ ਦਾ ਗੱਫਾ ਮਿਲ਼ਿਆ ਕਰਦਾ ਸੀ। ਮੇਮ ਦੇ ਦੋ ਵੱਡੇ-ਵੱਡੇ ਕੁੱਤੇ ਹੋਰ ਸਨ। ਮੋਤੀ ਉਹਨਾਂ ਨੂੰ ਕਦੇ ਡਾਹੀ ਨਹੀਂ ਸੀ ਦਿੰਦਾ। ਗੁਲਾਬ, ਟਿਊਲਿਪ ਤੇ ਟਮਾਟਰਾਂ ਦੇ ਬੂਟਿਆਂ

ਉੱਤੋਂ ਦੀ ਉਹ ਦੁੱਧ-ਚਿੱਟੀਆਂ ਪਰੀਆਂ ਵਾਂਗ ਉੱਡਿਆ ਫਿਰਦਾ। ਵੱਡੇ ਕੁੱਤੇ ਹਫ ਜਾਂਦੇ ਤਾਂ ਉਹਨਾਂ ਨੂੰ ਛੇੜ-ਛੇੜ ਕੇ ਨੱਸਦਾ। ਪਤਾ ਨਹੀਂ ਇਸ ਨਿੱਕੇ ਜਿਹੇ ਕਤੂਰੇ ਵਿੱਚ ਇਹ ਤਾਕਤ ਕਿੱਥੋਂ ਆ ਗਈ ਸੀ! ਖ਼ੁਸ਼ਬੋਦਾਰ ਫੁੱਲਾਂ ਨਾਲ਼ ਖਹਿ-ਖਹਿ ਕੇ ਉਹ ਵੀ ਤੁਰਦਾ-ਫਿਰਦਾ ਫੁੱਲ ਜਾਪਦਾ।

**6. ਮੋਤੀ ਦੇ ਪਹੁੰਚਣ ਦੀ ਉਡੀਕ ਕਿਸ ਦੁਆਰਾ ਕੀਤੀ ਜਾਂਦੀ ਸੀ?**

ੳ. ਮਿੱਤਰ ਦੁਆਰਾ — ਅ. ਪਿਤਾ ਜੀ ਦੁਆਰਾ

ੲ. ਮੇਮ ਦੁਆਰਾ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਮੇਮ ਕਿਸ ਦੀ ਮਿੱਤਰ ਬਣ ਗਈ?**

ੳ. ਲੇਖਕ ਦੀ — ਅ. ਮੋਤੀ ਦੀ

ੲ. ਪਿਤਾ ਜੀ ਦੀ — ਸ. ਬੰਗਾਲੀ ਮਿੱਤਰ ਦੀ।

**8. ਲੇਖਕ ਨੇ ਮੋਤੀ ਨੂੰ ਕਿਸ ਵਰਗਾ ਕਿਹਾ ਹੈ?**

ੳ. ਪਰੀਆਂ ਵਰਗਾ — ਅ ਫੁੱਲਾਂ ਵਰਗਾ

ੲ. ੳ ਅਤੇ ਅ ਦੋਵੇਂ ਸਹੀ — ਸ. ਦੋਸਤ ਵਰਗਾ।

**9. ਲੇਖਕ ਨੇ ਮੋਤੀ ਲਈ ਕਿਹੜਾ ਸ਼ਬਦ ਨਹੀਂ ਵਰਤਿਆ?**

ੳ. ਕੁੱਤਾ — ਅ. ਕਤੂਰਾ

ੲ. ਫੁੱਲ — ਸ. ਪਰੀ।

**10. "ਤਾਂ ਇਹ ਤੁਹਾਡਾ ਬੱਚਾ ਹੈ!" ਇਹ ਸ਼ਬਦ ਕਿਸ ਨੇ ਕਹੇ?**

ੳ. ਲੇਖਕ ਨੇ — ਅ. ਮੇਮ ਨੇ

ੲ. ਪਿਤਾ ਜੀ ਨੇ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ-3 (ਪੰਜਾਬ ਦੀ ਲੋਕ ਗਾਇਕਾ: ਸੁਰਿੰਦਰ ਕੌਰ)

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸੁਰਿੰਦਰ ਕੌਰ ਦਾ ਵਿਆਹ ਸ. ਜੁਗਿੰਦਰ ਸਿੰਘ ਸੋਢੀ ਨਾਲ਼ 1948 ਈ. ਵਿੱਚ ਹੋਇਆ। ਉਸ ਨੇ ਕੁਝ ਸਮਾਂ ਮੁੰਬਈ ਰਹਿ ਕੇ ਫ਼ਿਲਮਾਂ ਲਈ ਗੀਤ ਵੀ ਗਾਏ। ਪਰ ਉਹ ਮੁੰਬਈ ਬਹੁਤਾ ਸਮਾਂ ਨਾ ਰਹਿ ਸਕੀ। 1951 ਈ. ਵਿੱਚ ਪਰਿਵਾਰ ਸਮੇਤ ਦਿੱਲੀ ਆ ਗਈ। ਉਸ ਸਮੇਂ ਉਸ ਕੋਲ਼ ਆਪਣੀ ਮਿੱਠੀ ਅਵਾਜ਼ ਅਰਥਾਤ ਸੁਰੀਲੇ ਗਲ਼ੇ ਤੋਂ ਬਿਨਾਂ ਕੁਝ ਵੀ ਨਹੀਂ ਸੀ। ਉਸ ਨੂੰ ਮਹਿਸੂਸ ਹੁੰਦਾ ਸੀ ਕਿ ਉਸ ਦੇ ਗਲ਼ੇ ਵਿੱਚ ਰੱਬ ਵੱਸਦਾ ਹੈ ਤੇ ਸੰਗੀਤ ਤੋਂ ਉਸ ਨੂੰ ਇਲਾਹੀ ਸਰੂਰ ਮਿਲ਼ਦਾ ਹੈ ਤੇ ਦੁੱਖ-ਸੁੱਖ ਵਿੱਚ ਸੰਗੀਤ ਹੀ ਉਸ ਦਾ ਸਾਥੀ ਹੈ। ਉਹ ਆਪਣੀ ਗਾਇਕੀ ਬਾਰੇ ਦੱਸਦੀ ਹੈ, "ਗਾਉਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਮੈਂ ਤਾਂ ਏਨਾ ਕਹਾਂਗੀ ਕਿ ਇਹ ਸ਼ੌਕ ਮੈਨੂੰ ਰੱਬ ਨੇ ਹੀ ਲਾਇਆ ਹੈ। ਰੱਬ ਦੀ ਹੀ ਅਪਾਰ ਕਿਰਪਾ ਨਾਲ਼ ਇਹ ਸ਼ੌਕ ਪੂਰਾ ਹੋਇਆ ਅਤੇ ਹੁੰਦਾ ਰਹੇਗਾ............।" ਇਸ ਵਿੱਚ ਕੋਈ ਝੂਠ ਨਹੀਂ ਕਿ ਇਸ ਸ਼ੌਕ ਨੂੰ ਉਸ ਨੇ ਆਪਣੀ ਉਮਰ ਦੇ ਸੱਤ ਦਹਾਕੇ ਨਿਭਾਇਆ।ਸੁਰਿੰਦਰ ਕੌਰ ਨੇ ਵਧੇਰੇ ਕਰਕੇ ਲੋਕ-ਗੀਤ ਗਾਏ। ਉਂਞ ਗ਼ਜ਼ਲਾਂ ਤੇ ਸਾਹਿਤਿਕ ਗੀਤ ਵੀ ਗਾਏ। ਉਸ ਦੇ ਗਾਏ ਗੀਤ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਦੇਸ-ਪਰਦੇਸ ਹਰ ਥਾਂ 'ਤੇ ਪਹੁੰਚ ਗਏ। ਜਿੱਥੇ ਵੀ ਪੰਜਾਬੀ ਵੱਸਦੇ ਹਨ, ਉੱਥੇ ਹਰ ਘਰ ਵਿੱਚ ਸੁਰਿੰਦਰ ਕੌਰ ਦੀ ਅਵਾਜ਼ ਸੁਣਾਈ ਦਿੰਦੀ ਹੈ। ਹਰ ਘਰ ਵਿੱਚ ਵਿਆਹ-ਸ਼ਾਦੀ ਦਾ ਪ੍ਰੋਗ੍ਰਾਮ ਉਦੋਂ ਤੱਕ ਪੂਰਾ ਨਹੀਂ ਹੁੰਦਾ ਜਦੋਂ ਤੱਕ 'ਮਾਂਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏਂ' ਜਾਂ 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ' ਵਰਗੇ ਗੀਤ ਨਾ ਗਾਏ ਜਾਣ।

**1. ਸੁਰਿੰਦਰ ਕੌਰ 1951 ਈ. ਵਿੱਚ ਪਰਿਵਾਰ ਸਮੇਤ ਕਿੱਥੇ ਆ ਗਈ?**

ੳ. ਮੁੰਬਈ — ਅ. ਪਿੰਡ

ੲ. ਸ਼ਹਿਰ — ਸ. ਦਿੱਲੀ।

**2. ਸੁਰਿੰਦਰ ਕੌਰ ਨੇ ਕਿਹੜਾ ਸ਼ੌਕ ਸੱਤ ਦਹਾਕੇ ਨਿਭਾਇਆ?**

ੳ. ਗਾਇਕੀ ਦਾ — ਅ. ਲਿਖਣ ਦਾ

ੲ. ਦੇਸ-ਪਰਦੇਸ ਘੁੰਮਣ ਦਾ    ਸ. ਉਪਰੋਕਤ ਸਾਰੇ।

**3. 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ' ਪ੍ਰਸਿੱਧ ਗੀਤ ਕਿਸ ਨੇ ਗਾਇਆ?**

ੳ. ਜੁਗਿੰਦਰ ਸਿੰਘ ਸੋਢੀ    ਅ. ਸੁਰਿੰਦਰ ਕੌਰ

ੲ. ੳ ਅਤੇ ਅ ਦੋਵੇਂ ਸਹੀ    ਸ. ਉਪਰੋਕਤ ਵਿੱਚੋਂ ਕੋਈ ਨਹੀਂ।

**4. ਸੁਰਿੰਦਰ ਕੌਰ ਕੋਲ਼ ਸਭ ਤੋਂ ਵੱਡੀ ਦੌਲਤ ਕਿਹੜੀ ਸੀ?**

ੳ. ਮਿੱਠੀ ਅਵਾਜ਼    ਅ. ਸੁਰੀਲਾ ਗਲ਼ਾ

ੲ. ਗਾਇਕੀ ਦਾ ਸ਼ੌਕ    ਸ. ਉਪਰੋਕਤ ਸਾਰੇ।

**5. ਸੁਰਿੰਦਰ ਕੌਰ ਨੇ ਵਧੇਰੇ ਕਰਕੇ ਕੀ ਗਾਇਆ?**

ੳ. ਗ਼ਜ਼ਲਾਂ    ਅ. ਸਾਹਿਤਿਕ ਗੀਤ

ੲ. ਲੋਕ-ਗੀਤ    ਸ. ਵਿਆਹ-ਸ਼ਾਦੀ ਦੇ ਗੀਤ।

## ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

'ਸਾਡਾ ਚਿੜੀਆਂ ਦਾ ਚੰਬਾ' ਵਾਲ਼ਾ ਗੀਤ, ਤਿੰਨੇ ਭੈਣਾਂ: ਪ੍ਰਕਾਸ਼ ਕੌਰ, ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਨੇ ਗਾਇਆ ਅਤੇ ਫਿਰ ਇਹੀ ਗੀਤ ਤਿੰਨ ਪੀੜ੍ਹੀਆਂ-ਸੁਰਿੰਦਰ ਕੌਰ, ਉਸ ਦੀ ਧੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨਾ ਨੇ ਵੀ ਗਾਇਆ। ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦਾ ਗੀਤ 'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ' ਬਹੁਤ ਮਸ਼ਹੂਰ ਹੋਇਆ।ਸੁਰਿੰਦਰ ਕੌਰ ਦੇ ਗਾਏ ਗੀਤ ਪੰਜਾਬੀ ਸੱਭਿਆਚਾਰ ਦੀ ਮੂੰਹ-ਬੋਲਦੀ ਤਸਵੀਰ ਹਨ। ਇਹ ਪੰਜਾਬੀ-ਸੱਭਿਆਚਾਰ ਦਾ ਹਿੱਸਾ ਹੀ ਬਣ ਗਏ ਹਨ। ਵੱਡੀ ਗੱਲ, ਉਸ ਦੀ ਗਾਇਕੀ ਸਾਫ਼-ਸੁਥਰੀ ਹੈ। ਉਸ ਨੇ ਹਰ ਗੀਤ ਨੂੰ ਰੂਹ ਨਾਲ਼ ਗਾਇਆ। ਭਾਵੇਂ ਉਸ ਨੇ ਸੁਹਾਗ ਗਾਏ, ਘੋੜੀਆਂ ਗਾਈਆਂ, ਮਾਨਵੀ ਹਾਵਾਂ-ਭਾਵਾਂ ਦੀ ਤਰਜਮਾਨੀ ਕਰਦੇ ਲੋਕ ਗੀਤ ਗਾਏ ਜਾਂ ਸਾਹਿਤਿਕ ਗੀਤ ਗਾਏ; ਉਸ ਦੀ ਗਾਇਕੀ ਦਾ ਇੱਕ ਵੱਖਰਾ ਹੀ ਰੰਗ ਹੈ। ਉਸ ਦੇ ਸਿਰਕੱਢ ਗਾਇਕਾ ਬਣਨ ਵਿੱਚ ਉਸ ਦੇ ਪਤੀ ਸ. ਜੁਗਿੰਦਰ ਸਿੰਘ ਦਾ ਵੀ ਭਰਪੂਰ ਯੋਗਦਾਨ ਰਿਹਾ ਹੈ।ਉਹ ਵਧੀਆ ਕਵਿਤਾਵਾਂ ਲੱਭ ਕੇ ਲਿਆਉਂਦੇ ਤੇ ਫਿਰ ਉਹਨਾਂ ਬੋਲਾਂ ਨੂੰ ਸੰਗੀਤ ਦੀਆਂ ਧੁਨਾਂ 'ਤੇ ਗਾਉਣ ਲਈ ਉਸ ਨੂੰ ਉਤਸ਼ਾਹਿਤ ਕਰਦੇ। ਰੋਜ਼ਾਨਾ ਰਿਆਜ਼ ਕਰਨ ਲਈ ਆਖਦੇ। ਸੁਰਿੰਦਰ ਕੌਰ ਨੇ ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਨੂੰ ਆਪਣੀ ਸੁਰੀਲੀ ਅਵਾਜ਼ ਦਿੱਤੀ। ਸ਼ਿਵ ਦਾ ਗੀਤ 'ਲੰਘ ਆ ਜਾ, ਪੱਤਣ ਝਨਾਂ ਦਾ' ਇਸ ਢੰਗ ਨਾਲ਼ ਗਾਇਆ ਕਿ ਇਹ ਗੀਤ ਹਮੇਸ਼ਾਂ ਲਈ ਲੋਕ-ਮਨਾਂ ਵਿੱਚ ਵੱਸ ਗਿਆ।

**6. ਸੁਰਿੰਦਰ ਕੌਰ ਦੀਆਂ ਭੈਣਾਂ ਕੌਣ ਸਨ?**

ੳ. ਪ੍ਰਕਾਸ਼ ਕੌਰ    ਅ. ਨਰਿੰਦਰ ਕੌਰ

ੲ. ਸੁਨੈਨਾ    ਸ. ੳ ਅਤੇ ਅ ਦੋਵੇਂ ਸਹੀ।

**7. ਸੁਰਿੰਦਰ ਕੌਰ ਦੇ ਮਸ਼ਹੂਰ ਗਾਇਕਾ ਬਣਨ ਪਿੱਛੇ ਕਿਸ ਦਾ ਵਧੇਰੇ ਯੋਗਦਾਨ ਹੈ?**

ੳ. ਪ੍ਰਕਾਸ਼ ਕੌਰ    ਅ. ਸ. ਜੁਗਿੰਦਰ ਸਿੰਘ

ੲ. ਅੰਮ੍ਰਿਤਾ ਪ੍ਰੀਤਮ    ਸ. ਪ੍ਰੋ. ਮੋਹਨ ਸਿੰਘ।

**8. ਸੁਰਿੰਦਰ ਕੌਰ ਨੂੰ ਰੋਜ਼ਾਨਾ ਰਿਆਜ਼ ਕਰਨ ਲਈ ਕੌਣ ਉਤਸ਼ਾਹਿਤ ਕਰਦੇ ਸਨ?**

ੳ. ਜੁਗਿੰਦਰ ਸਿੰਘ    ਅ. ਪ੍ਰਕਾਸ਼ ਕੌਰ

ੲ. ਸ਼ਿਵ ਕੁਮਾਰ ਬਟਾਲਵੀ    ਸ. ਨਰਿੰਦਰ ਕੌਰ।

**9. 'ਲੰਘ ਆ ਜਾ, ਪੱਤਣ ਝਨਾਂ ਦਾ' ਗੀਤ ਕਿਸ ਦੀ ਰਚਨਾ ਹੈ?**

ੳ. ਸੁਰਿੰਦਰ ਕੌਰ ਦੀ    ਅ. ਅੰਮ੍ਰਿਤਾ ਪ੍ਰੀਤਮ

ੲ. ਪ੍ਰੋ. ਮੋਹਨ ਸਿੰਘ    ਸ. ਸ਼ਿਵ ਕੁਮਾਰ ਬਟਾਲਵੀ।

**10. ਕਿਹੜਾ ਗੀਤ ਸੁਰਿੰਦਰ ਕੌਰ ਦੀਆਂ ਭੈਣਾਂ ਤੋਂ ਇਲਾਵਾ ਆਪਦੀ ਧੀ ਅਤੇ ਦੋਹਤੀ ਨੇ ਵੀ ਗਾਇਆ?**

ੳ. ਲੰਘ ਆ ਜਾ, ਪੱਤਣ ਝਨਾਂ ਦਾ    ਅ. ਸਾਡਾ ਚਿੜੀਆਂ ਦਾ ਚੰਬਾ

ੲ. ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ    ਸ. ਮਾਂਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ।

# ਪਾਠ-4 (ਘੜੇ ਦਾ ਪਾਣੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸ਼ਹਿਰਾਂ ਵਿੱਚ ਤਾਂ ਘੜੇ ਜਿਵੇਂ ਗ਼ਾਇਬ ਹੀ ਹੋ ਗਏ ਹਨ। ਲੱਭਿਆਂ, ਸ਼ਾਇਦ ਹੀ ਕੋਈ ਘਰ ਮਿਲ਼ੇ ਜਿੱਥੇ ਘੜਾ ਹੋਵੇ। ਸ਼ਹਿਰੀਏ ਤਾਂ ਫ਼ਰਿੱਜ ਦਾ ਪਾਣੀ ਪੀਣ ਵਿੱਚ ਮਾਣ ਮਹਿਸੂਸ ਕਰਦੇ ਹਨ। ਘੜੇ ਹੁਣ ਕੌਣ ਰੱਖਦਾ ਹੈ ਤੇ ਉਸ ਦਾ ਪਾਣੀ ਕੌਣ ਪੀਂਦਾ ਹੈ? ਘੜੇ ਦਾ 'ਸ਼ਰੀਕ' ਫ਼ਰਿੱਜ ਜਾਂ ਵਾਟਰ-ਕੂਲਰ ਹੀ ਕਿਹਾ ਜਾ ਸਕਦਾ ਹੈ। ਫ਼ਰਿੱਜ ਨਾਲ਼ੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਗਿਆ ਹੈ। ਜੇ ਰਾਤ ਨੂੰ ਭਰੇ ਪਾਣੀ ਦੇ ਘੜੇ ਵਿੱਚੋਂ ਸਵੇਰੇ ਉੱਠਦਿਆਂ ਹੀ ਦੋ-ਤਿੰਨ ਗਲਾਸ ਪਾਣੀ ਪੀ ਲਏ ਜਾਣ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਵਿਅਕਤੀ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਘੜੇ ਦਾ ਪਾਣੀ ਹਰ ਰੁੱਤ ਵਿੱਚ ਪੀਤਾ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ। ਕਹਿੰਦੇ ਹਨ ਕਿ ਸਾਡਾ ਸਰੀਰ ਪੰਜ ਤੱਤਾਂ: ਮਿੱਟੀ, ਹਵਾ, ਪਾਣੀ, ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਇਹ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿੱਕ ਮਿਲਦੇ ਹਨ। ਘੜੇ ਦਾ ਤਾਂ ਜਨਮ ਹੀ ਮਿੱਟੀ ਵਿੱਚੋਂ ਹੁੰਦਾ ਹੈ। ਪਾਣੀ ਨਾਲ਼ ਮਿੱਟੀ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ ਚੱਕ ਉੱਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ਼ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ, ਅਗਨੀ ਘੜੇ ਨੂੰ ਪਕਾਉਂਦੀ ਹੈ।ਕੁਝ ਵੀ ਹੋਵੇ ਘੜੇ ਦਾ ਪਾਣੀ ਤਾਂ ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਸਾਥ ਨਿਭਾਉਂਦਾ ਹੈ। ਘੜਾ ਭੰਨਣਾ ਸਾਡੇ ਸੱਭਿਆਚਾਰ ਵਿੱਚ ਅੰਤਿਮ ਸਮੇਂ ਦੀ ਇੱਕ ਰਸਮ ਵੀ ਹੈ। ਘੜੇ ਤਾਂ ਹੁਣ ਵੀ ਹਨ। ਕਾਰੀਗਰ ਅੱਜ ਵੀ ਘੜੇ ਉੱਤੇ ਆਪਣੀਆਂ ਕਲਾਮਈ ਉਂਗਲ਼ਾਂ ਦਾ ਚਮਤਕਾਰ ਦਿਖਾਉਣ ਲਈ ਤਿਆਰ ਹਨ। ਪਰ ਜਦੋਂ ਉਹ ਬਣੇ ਘੜਿਆਂ ਨੂੰ ਮੰਡੀ ਵਿੱਚ ਲਿਆਉਂਦੇ ਹਨ ਤਾਂ ਸਾਰਾ-ਸਾਰਾ ਦਿਨ ਝਾਕਦਿਆਂ ਸ਼ਾਮ ਤੱਕ ਕੋਈ ਵਿਰਲਾ ਹੀ ਖ਼ਰੀਦਦਾਰ ਬਹੁੜਦਾ ਹੈ ਜੋ ਘੜੇ ਦਾ ਪਾਣੀ ਪੀਣ ਦਾ ਸ਼ੌਕ ਰੱਖਦਾ ਹੋਵੇ।

**1. ਅੱਜ-ਕੱਲ੍ਹ ਘੜੇ ਕਿਸ ਥਾਂ ਤੋਂ ਖ਼ਤਮ ਹੋ ਗਏ ਹਨ?**

ੳ. ਪਿੰਡਾਂ 'ਚੋਂ
ਅ. ਸ਼ਹਿਰਾਂ 'ਚੋਂ
ੲ. ੳ ਅਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**2. ਸ਼ਹਿਰੀਏ ਕਿਸ ਦਾ ਪਾਣੀ ਪੀਣ ਵਿੱਚ ਮਾਣ ਮਹਿਸੂਸ ਕਰਦੇ ਹਨ?**

ੳ. ਵਾਟਰ ਕੂਲਰ ਦਾ
ਅ. ਫ਼ਰਿੱਜ ਦਾ
ੲ. ਘੜੇ ਦਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**3. ਘੜੇ ਦਾ ਸ਼ਰੀਕ ਕੌਣ ਹੈ?**

ੳ. ਫ਼ਰਿੱਜ਼
ਅ. ਵਾਟਰ ਕੂਲਰ
ੲ. ੳ ਅਤੇ ਅ ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**4. ਮਨੁੱਖੀ ਸਰੀਰ ਕਿਹੜੇ ਤੱਤਾਂ ਦਾ ਬਣਿਆ ਹੋਇਆ ਹੈ?**

ੳ. ਮਿੱਟੀ
ਅ. ਹਵਾ ਅਤੇ ਪਾਣੀ
ੲ. ਅਗਨੀ ਅਤੇ ਅਕਾਸ਼
ਸ. ਉਪਰੋਕਤ ਸਾਰੇ।

**5. ਘੜੇ ਦਾ ਜਨਮ ਕਿਸ ਵਿੱਚੋਂ ਹੁੰਦਾ ਹੈ?**

ੳ. ਮਿੱਟੀ ਵਿੱਚੋਂ
ਅ. ਪਾਣੀ ਵਿੱਚੋਂ
ੲ. ਅਕਾਸ਼ ਵਿੱਚੋਂ
ਸ. ਸ਼ਹਿਰ ਵਿੱਚੋਂ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਘੜੇ ਦਾ ਪਾਣੀ, ਪੀਣ ਲਈ ਸਾਰਿਆਂ ਨੂੰ ਚੰਗਾ ਲੱਗਦਾ ਰਿਹਾ ਹੈ। ਕਿਹੜੀ ਥਾਂ ਸੀ, ਜਿੱਥੇ ਘੜਾ ਨਾ ਹੋਵੇ। ਘੜੇ ਵਾਂਗ ਹੀ ਪੀਣ ਵਾਲ਼ੇ ਪਾਣੀ ਨੂੰ ਸਾਂਭਣ ਲਈ ਮੱਟ, ਘੜੀਆਂ ਅਤੇ ਸੁਰਾਹੀਆਂ ਆਦਿ ਹੁੰਦੇ ਹਨ। ਉਂਞ ਚਾਟੀ, ਝੱਕਰਾ, ਝੱਕਰੀ, ਤੌੜੀ ਵੀ ਘੜੇ ਦੇ ਹੀ ਰੂਪ ਹਨ ਪਰ ਇਹਨਾਂ ਦੀ ਵਰਤੋਂ ਘੜੇ ਨਾਲ਼ੋਂ ਵੱਖਰੀ ਹੁੰਦੀ ਹੈ।ਘੜੇ ਦਾ ਅਸਲੀ ਮੰਤਵ ਤਾਂ ਪੀਣ ਵਾਲ਼ੇ ਪਾਣੀ ਨੂੰ ਸੰਭਾਲ਼ਨਾ ਹੈ। ਘੜੇ ਨੂੰ ਸਾਜ਼ ਵਜੋਂ ਵੀ ਵਰਤਿਆ ਜਾਂਦਾ ਹੈ।ਉਂਗਲ਼ਾਂ ਵਿੱਚ ਛੱਲੇ ਪਾ ਕੇ ਜਦੋਂ ਕੋਈ ਵਜੰਤਰੀ ਘੜਾ ਵਜਾਉਂਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਘੜਾ ਗੱਲਾਂ ਕਰ ਰਿਹਾ ਹੋਵੇ। ਘਰਾਂ ਵਿੱਚ ਖ਼ੁਸ਼ੀ ਦੇ ਸਮਾਗਮਾਂ ਸਮੇਂ ਮੁਟਿਆਰਾਂ ਘੜੇ ਦੇ ਤਾਲ 'ਤੇ ਗੀਤ ਗਾਉਂਦੀਆਂ ਹਨ। ਪਹਿਲੇ ਸਮਿਆਂ ਵਿੱਚ ਜਦੋਂ ਖੂਹ ਵੀ ਆਮ ਨਹੀਂ ਸਨ ਹੁੰਦੇ ਤਾਂ

ਲੋਕਾਂ ਨੂੰ ਟੋਭਿਆਂ, ਤਲਾਬਾਂ ਆਦਿ ਦੇ ਪਾਣੀਆਂ 'ਤੇ ਹੀ ਗੁਜ਼ਾਰਾ ਕਰਨਾ ਪੈਂਦਾ ਸੀ। ਉਸ ਵੇਲ਼ੇ ਇਹ ਘੜੇ ਹੀ ਸਨ ਜਿਨ੍ਹਾਂ ਦੀ ਵਰਤੋਂ ਨਾਲ਼ ਪਾਣੀ ਸ਼ੁੱਧ ਕਰਕੇ ਪੀਣ ਦੇ ਯੋਗ ਬਣਾਇਆ ਜਾਂਦਾ ਸੀ। ਵਿਦਿਆਰਥੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਘੜਿਆਂ ਵਿੱਚ ਰੇਤ ਤੇ ਕੱਚਾ ਕੋਲਾ ਪਾ ਕੇ ਵੀ ਪਾਣੀ ਸਾਫ਼ ਕੀਤਾ ਜਾਂਦਾ ਹੈ।ਪੂਜਾ-ਪਾਠ ਸਮੇਂ ਘੜੇ ਦੇ ਪਾਣੀ ਨੂੰ ਲੋਕ 'ਕੁੰਭ ਦਾ ਜਲ' ਕਹਿੰਦੇ ਹਨ। ਸ਼ਰਧਾਲੂ ਇਸ ਪਾਵਨ ਜਲ ਨੂੰ ਅੰਮ੍ਰਿਤ ਸਮਝ ਕੇ ਪੀਂਦੇ ਹਨ ਤੇ ਇਹ ਪਰੰਪਰਾ ਅੱਜ ਵੀ ਜਾਰੀ ਹੈ।

**6. ਘੜੇ ਦੇ ਹੋਰ ਰੂਪ ਕਿਹੜੇ-ਕਿਹੜੇ ਹਨ?**

ੳ. ਚਾਟੀ — ਅ. ਝੱਕਰਾ

ੲ. ਤੌੜੀ — ਸ. ਉਪਰੋਕਤ ਸਾਰੇ।

**7. ਘੜੇ ਦਾ ਅਸਲੀ ਮੰਤਵ ਕੀ ਹੈ?**

ੳ. ਪਾਣੀ ਸੰਭਾਲ਼ਨਾ — ਅ. ਸਾਜ਼ ਵਜਾਉਣਾ

ੲ. ਪੂਜਾ-ਪਾਠ ਕਰਨਾ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਪਾਣੀ ਸੰਭਾਲ਼ਨ ਤੋਂ ਇਲਾਵਾ ਘੜਾ ਹੋਰ ਕਿਸ ਕੰਮ ਲਈ ਵਰਤਿਆ ਜਾਂਦਾ ਹੈ?**

ੳ. ਪੂਜਾ-ਪਾਠ ਦੇ — ਅ. ਸਾਜ਼ ਵਜੋਂ ਵਜਾਉਣ ਦੇ

ੲ. ਗੀਤ ਗਾਉਣ ਦੇ — ਸ. ਉਪਰੋਕਤ ਸਾਰੇ।

**9. ਘੜੇ ਵਿੱਚ ਕੀ ਪਾ ਕੇ ਪਾਣੀ ਨੂੰ ਸਾਫ਼ ਕੀਤਾ ਜਾਂਦਾ ਹੈ?**

ੳ. ਰੇਤ — ਅ. ਕੱਚਾ ਕੋਲਾ

ੲ. ੳ ਅਤੇ ਅ ਦੋਵੇਂ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**10.ਘਰਾਂ ਵਿੱਚ ਖ਼ੁਸ਼ੀ ਦੇ ਸਮਾਗਮਾਂ ਸਮੇਂ ਮੁਟਿਆਰਾਂ ਕਿਸ ਦੇ ਤਾਲ 'ਤੇ ਗੀਤ ਗਾਉਂਦੀਆਂ ਹਨ?**

ੳ. ਗਾਗਰ ਦੇ — ਅ. ਘੜੇ ਦੇ

ੲ. ਚਾਟੀ ਦੇ — ਸ. ਉਪਰੋਕਤ ਸਾਰੇ

## ਪਾਠ-6 (ਬਲ਼ਦਾਂ ਵਾਲ਼ਾ ਪਿਆਰਾ ਸਿੰਘ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਪਿੰਡ ਦੇ ਗੁਰਦਵਾਰੇ ਵਿੱਚ ਹਰ ਰੋਜ਼ ਸਵੇਰੇ ਚਾਰ ਵਜੇ ਭਾਈ ਦੀ ਅਵਾਜ਼ ਕੰਨੀਂ ਪੈਂਦਿਆਂ ਹੀ ਪਿਆਰਾ ਸਿੰਘ ਮੰਜੇ ਤੋਂ ਉੱਠ ਖੜ੍ਹਦਾ। ਪਸ਼ੂਆਂ ਵੱਲੋਂ ਵਿਹਲਾ ਹੋ ਕੇ ਉਹ ਝਲਾਨੀ ਕੋਲ਼ ਆ ਕੇ ਧੰਨ ਕੌਰ ਨੂੰ ਅਵਾਜ਼ ਮਾਰਦਾ, "ਧੰਨ ਕੁਰੇ! ਲੱਸੀ ਰਿੜਕ ਲਈ ਤਾਂ ਗੜਵੀ ਭਰ ਲਿਆ, ਫੇਰ ਮੈਂ ਖੇਤ ਨੂੰ ਜਾਣਾ।" ਇਹ ਪਿਆਰਾ ਸਿੰਘ ਦਾ ਨਿੱਤ-ਨੇਮ ਸੀ। ਸਾਰੇ ਪਿੰਡ ਵਿੱਚ ਉਹ 'ਬਲ਼ਦਾਂ ਵਾਲ਼ਾ ਪਿਆਰਾ ਸਿੰਘ' ਦੇ ਨਾਂ ਨਾਲ਼ ਮਸ਼ਹੂਰ ਸੀ। ਹਰੀ ਕ੍ਰਾਂਤੀ ਵੇਲ਼ੇ ਵੀ ਉਹ ਆਪਣੀ ਵੀਹ ਵਿੱਘੇ ਜ਼ਮੀਨ ਦੀ ਖੇਤੀ ਬਲ਼ਦਾਂ ਨਾਲ਼ ਹੀ ਕਰਦਾ ਸੀ। ਅੱਜ ਵੀ ਉਸ ਦੇ ਬਲ਼ਦ ਨਵੇਂ-ਨਿਰੋਏ ਸਨ। ਹਰ ਰੋਜ਼ ਸਵੇਰੇ ਉੱਠ ਕੇ ਉਹ ਰਾਤੀਂ ਬਣਾਈ ਸਕੀਮ ਅਨੁਸਾਰ ਖੇਤਾਂ ਵਿੱਚ ਜਾ ਕੇ ਆਪਣਾ ਕੰਮ ਵਿੱਢ ਲੈਂਦਾ। ਹਲ਼ ਜੋੜਨਾ ਹੋਵੇ ਭਾਵੇਂ ਖੂਹ, ਉਹ ਹਾਜਰੀ ਖੇਤ ਵਿੱਚ ਹੀ ਖਾਂਦਾ ਸੀ। ਨਿਆਈਂਆਂ ਵਿੱਚ ਟੋਭੇ ਤੋਂ ਪਾਰ ਖੂਹ ਦੇ ਸਿਰ ਸਦਕਾ ਉਸ ਦੇ ਖੇਤ ਹਰੇ-ਭਰੇ ਰਹਿੰਦੇ ਸਨ। ਉਸ ਨੇ ਖੇਤੀ ਦੇ ਢੰਗ-ਤਰੀਕੇ ਆਪਣੇ ਬਾਪੂ ਦੀਦਾਰ ਸਿੰਘ ਤੋਂ ਸਿੱਖੇ ਸਨ। ਪਿਆਰਾ ਸਿੰਘ ਨੂੰ ਆਪਣੇ ਬਾਪੂ ਦੀਆਂ ਗੱਲਾਂ ਅੱਜ ਵੀ ਯਾਦ ਸਨ।

**1. ਭਾਈ ਦੀ ਅਵਾਜ਼ ਕੰਨੀਂ ਪੈਂਦਿਆਂ ਰੋਜ਼ ਸਵੇਰੇ ਕੌਣ ਉੱਠਦਾ ਸੀ?**

ੳ. ਧੰਨ ਕੌਰ — ਅ. ਦੀਦਾਰ ਸਿੰਘ

ੲ. ਪਿਆਰਾ ਸਿੰਘ — ਸ. ਬਲ਼ਦ।

**2. 'ਬਲ਼ਦਾਂ ਵਾਲ਼ਾ' ਕਿਸ ਦੇ ਨਾਂ ਨਾਲ਼ ਜੋੜਿਆ ਗਿਆ ਸੀ?**

ੳ. ਪਿਆਰਾ ਸਿੰਘ — ਅ. ਭਾਈ ਜੀ

ੲ. ਦੀਦਾਰ ਸਿੰਘ — ਸ. ਉਪਰੋਕਤ ਸਾਰੇ।

**3. ਪਿਆਰਾ ਸਿੰਘ ਖੇਤਾਂ ਵਿੱਚ ਕੰਮ ਕਰਨ ਦੀ ਸਕੀਮ ਕਦੋਂ ਬਣਾਉਂਦਾ ਸੀ?**
ੳ. ਰਾਤੀਂ — ਅ. ਸਵੇਰੇ
ੲ. ਖੇਤ 'ਚ ਜਾ ਕੇ — ਸ. ਟੋਭੇ ਤੋਂ ਪਾਰ।

**4. ਪਿਆਰਾ ਸਿੰਘ ਕਿਸ ਦੀ ਅਵਾਜ਼ ਸੁਣ ਕੇ ਉੱਠਦਾ ਸੀ?**
ੳ. ਧੰਨ ਕੌਰ ਦੀ — ਅ. ਭਾਈ ਜੀ ਦੀ
ੲ. ਦੀਦਾਰ ਸਿੰਘ ਦੀ — ਸ. ਬਲ਼ਦਾਂ ਦੀ।

**5. ਪਿਆਰਾ ਸਿੰਘ ਨੇ ਖੇਤੀ ਦੇ ਢੰਗ ਕਿਸ ਤੋਂ ਸਿੱਖੇ?**
ੳ. ਧੰਨ ਕੌਰ ਤੋਂ — ਅ. ਦੀਦਾਰ ਸਿੰਘ ਤੋਂ
ੲ. ਭਾਈ ਜੀ ਤੋਂ — ਸ. ਉਪਰੋਕਤ ਸਾਰੇ।

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

"ਬੱਸ ਕਰ, ਧੰਨ ਕੁਰੇ! ਬੱਸ ਕਰ....... ਭਲਾਂ ਤੇਰੇ ਘਰ ਵਿੱਚ ਕਾਹਦੀ ਘਾਟ ਆ? ਪਹਿਲਾਂ ਮੈਂ ਤੇਰਾ ਭੁਲੇਖਾ ਦੂਰ ਕਰਾਂ, ਕੁੜੀ ਦਾ ਮੈਂ ਸਿੱਧਾ-ਸਾਦਾ ਵਿਆਹ ਕਰੂੰ ਤੇ ਮੁੰਡੇ ਦੇ ਵਿਆਹ 'ਤੇ ਆਪਾਂ ਕੁਸ਼ ਲੈਣਾ ਨੀ।" "ਲੈ, ਮੈਂ ਤਾਂ ਨੀ ਕਹਿੰਦੀ। ਮੈਨੂੰ ਤਾਂ ਆਪਣਾ ਪ੍ਰੀਤਮ ਕਹਿੰਦਾ ਸੀ, ਅਖੇ; ਬਾਪੂ ਨੂੰ ਤੂੰ ਕਹਿ। ਮੈਂ ਤਾਂ ਦਿਨ ਵਿੱਚ ਦੋ ਵੇਲ਼ੇ ਖੇਤ ਆਉਨੀ ਆਂ, ਕੰਮ ਕਰਨ। ਕੰਮ ਕਰਦੇ ਰਹੋ ਤਾਂ ਦੇਹ ਨਿਰੋਈ ਰਹਿੰਦੀ ਆ। ਵਿਹਲੇ ਬੰਦੇ ਨੂੰ ਤਾਂ ਸੌ ਬਿਮਾਰੀਆਂ ਲੱਗਦੀਆਂ ਨੇ।" ਧੰਨ ਕੌਰ ਨੇ ਆਪਣੇ ਪੁੱਤਰ ਦੇ ਮਨ ਦੀ ਗੱਲ ਪਿਆਰਾ ਸਿੰਘ ਨੂੰ ਕਹਿ ਸੁਣਾਈ ਸੀ। ਪਰ ਪਿਆਰਾ ਸਿੰਘ ਨੇ ਸਪਸ਼ਟ ਹੀ ਕਹਿ ਦਿੱਤਾ, "ਧੰਨ ਕੁਰੇ! ਮੈਂ ਤਾਂ ਜਦ ਤੱਕ ਨੈਣ-ਪ੍ਰਾਣ ਕੰਮ ਕਰਦੇ ਨੇ, ਕੁਦਰਤੀ ਢੰਗ ਨਾਲ਼ ਹੀ ਖੇਤੀ ਕਰੂੰਗਾ। ਤੈਨੂੰ ਤਾਂ ਪਤਾ, ਅੱਧੇ ਪਿੰਡ ਦੇ ਲੋਕ ਖਾਣ ਲਈ ਕਣਕ, ਮੱਕੀ ਤੇ ਮੂੰਗੀ ਆਪਣੇ ਕੋਲੋਂ ਮੁੱਲ ਲੈਂਦੇ ਨੇ। ਲੋਕਾਂ ਨੂੰ ਪਤਾ ਕਿ ਅਸੀਂ ਖੇਤਾਂ ਵਿੱਚ ਦੇਸੀ ਰੂੜੀ ਦੀ ਖਾਦ ਪਾਉਂਦੇ ਆਂ ਤੇ ਫ਼ਸਲਾਂ ਤੇ ਕੋਈ ਦਵਾਈ ਨਹੀਂ ਛਿੜਕਦੇ। ਮੈਂ ਤਾਂ ਸਭ ਨੂੰ ਕਹਿੰਨਾਂ ਕਿ ਤੁਸੀਂ ਵੀ ਦੇਸੀ ਖਾਦ ਨਾਲ਼ ਫ਼ਸਲਾਂ ਤਿਆਰ ਕਰੋ। ਧੰਨ ਕੁਰੇ! ਜੇ ਵਾਹ-ਵਹਾਈ ਸਮੇਂ ਸਿਰ ਹੋ ਜਾਵੇ ਤਾਂ ਖੇਤਾਂ ਵਿੱਚ ਨਦੀਨ ਹੁੰਦਾ ਈ ਨੀ। ਜੇ ਹੋ ਵੀ ਜਾਵੇ ਤਾਂ ਇੱਕ-ਅੱਧੀ ਗੋਡੀ ਕਰ ਦਿਓ।" ਧੰਨ ਕੌਰ ਨਾਲ਼ ਗੱਲਾਂ ਕਰਦਾ-ਕਰਦਾ ਪਿਆਰਾ ਸਿੰਘ ਮੋਢੇ 'ਤੇ ਕਹੀ ਰੱਖ ਕੇ ਖੇਤ ਨੂੰ ਤੁਰ ਪਿਆ। ਪਿਆਰਾ ਸਿੰਘ ਆਪਣੀ ਧੁਨ ਦਾ ਪੱਕਾ ਸੀ। ਖੇਤੀ ਨੂੰ ਤਾਂ ਉਹ ਪੂਜਦਾ ਸੀ। ਕਈ ਵਾਰ ਉਹ ਆਖਦਾ ਧਰਤੀ ਤਾਂ ਸਾਡੀ ਮਾਂ ਹੈ, ਜਿੰਨੀ ਸੇਵਾ ਕਰੋਗੇ, ਓਨਾ ਹੀ ਫਲ਼ ਦਿੰਦੀ ਆ।

**6. ਪਿਆਰਾ ਸਿੰਘ ਨੇ ਮੁੰਡੇ ਦਾ ਸਾਦਾ ਵਿਆਹ ਕਰਨ ਦੀ ਗੱਲ ਕਿਸ ਨਾਲ਼ ਕੀਤੀ ਸੀ ?**
ੳ. ਧੰਨ ਕੌਰ ਨਾਲ਼ — ਅ. ਆਪਣੇ ਪੁੱਤਰ ਨਾਲ਼
ੲ. ਲੋਕਾਂ ਨਾਲ਼ — ਸ. ਬਾਪੂ ਨਾਲ਼।

**7. ਪਿਆਰਾ ਸਿੰਘ ਦੀ ਫ਼ਸਲ ਵਧੀਆ ਹੋਣ ਦੇ ਕੀ ਕਾਰਨ ਸਨ ?**
ੳ. ਕੁਦਰਤੀ ਢੰਗ ਨਾਲ਼ ਖੇਤੀ — ਅ. ਫ਼ਸਲਾਂ ਤੇ ਦਵਾਈ ਛਿੜਕਣਾ
ੲ. ਪੂਜਾ ਕਰਨਾ — ਸ. ਧਰਤੀ ਨੂੰ ਮਾਂ ਮੰਨਣਾ।

**8. ਪਿੰਡ ਦੇ ਲੋਕ ਪਿਆਰਾ ਸਿੰਘ ਤੋਂ ਕੀ ਲੈ ਕੇ ਜਾਂਦੇ ਸਨ ?**
ੳ. ਕਣਕ — ਅ. ਮੱਕੀ
ੲ. ਮੂੰਗੀ — ਸ. ਉਪਰੋਕਤ ਸਾਰੇ।

**9. ਪਿਆਰਾ ਸਿੰਘ ਫ਼ਸਲਾਂ 'ਤੇ ਕਿਹੜੀ ਖਾਦ ਪਾਉਂਦਾ ਸੀ ?**
ੳ. ਦਵਾਈ ਛਿੜਕਦਾ ਸੀ — ਅ. ਦੇਸੀ ਖਾਦ
ੲ. ੳ ਅਤੇ ਅ ਦੋਵਾਂ 'ਚੋਂ ਕੋਈ ਨਹੀਂ — ਸ. ੳ ਅਤੇ ਅ ਦੋਵੇਂ ਸਹੀ।

**10. ਪਿਆਰਾ ਸਿੰਘ ਕਿਸ ਦੀ ਪੂਜਾ ਕਰਦਾ ਸੀ ?**
ੳ. ਖੇਤੀ ਦੀ — ਅ. ਲੋਕਾਂ ਦੀ
ੲ. ਬਾਪੂ ਦੀ — ਸ. ਧੰਨ ਕੌਰ ਦੀ।

## ਪਾਠ-9 (ਮੇਰੇ ਦਾਦੀ ਜੀ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇਹ ਏਨੇ ਗੀਤ ਗਾ ਸਕਦੇ ਹਨ, ਏਨੀਆਂ ਕਹਾਣੀਆਂ ਸੁਣਾ ਸਕਦੇ ਹਨ ਕਿ ਅਸੀਂ ਜਦੋਂ ਬੱਚੇ ਸਾਂ, ਕਿੰਨੀ-ਕਿੰਨੀ ਰਾਤ ਜਿਵੇਂ ਕਿਸੇ ਜਾਦੂ ਨਾਲ਼ ਮੂੰਹ, ਅੱਖਾਂ ਖੋਲ੍ਹੀ, ਹੁੰਗਾਰੇ ਦੇਂਦੇ ਤੇ 'ਅੱਗੋ ਕੀ ਹੋਇਆ?' ਪੁੱਛਦੇ ਰਹਿੰਦੇ ਸਾਂ। ਕਹਾਣੀਆਂ ਹਰ ਕਿਸਮ ਦੀਆਂ-ਪਰੀਆਂ ਦੀਆਂ, ਬਹਾਦਰਾਂ ਦੀਆਂ। ਸਭ ਤੋਂ ਸੋਹਣੀ ਉਸ ਮੋਹਿਨੀ ਸ਼ਹਿਜ਼ਾਦੀ ਦੀ ਕਹਾਣੀ, ਜੀਹਦੇ ਮੂੰਹੋਂ ਫੁੱਲ ਕਿਰਦੇ ਸਨ। ਜਦੋਂ ਉਹ ਹੱਸਦੀ ਸੀ ਤੇ ਮੂੰਹ ਤੋਂ ਡਿਗਿਆ ਹਰ ਫੁੱਲ-ਬੂਟਾ ਬਣ ਜਾਂਦਾ ਸੀ ਤੇ ਥੋੜ੍ਹੇ ਚਿਰ ਵਿੱਚ ਹੀ ਉਹਦਾ ਸਾਰਾ ਰਾਜ ਸੋਹਣੇ ਬਾਗ਼ਾਂ ਨਾਲ਼ ਭਰਿਆ ਗਿਆ ਸੀ। ਇਹ ਕੁਦਰਤ ਦਾ ਬੜਾ ਸਤਿਕਾਰ ਕਰਦੇ ਹਨ। ਸਤਿਕਾਰ ਹੀ ਨਹੀਂ ਬੜਾ ਪਿਆਰ ਕਰਦੇ ਹਨ। ਜਦੋਂ ਬਿਜਾਈ ਦੀ ਰੁੱਤ ਆਉਂਦੀ ਹੈ ਤੇ ਕਿਸਾਨ ਆਪਣੇ ਹਲ਼ਾਂ ਨਾਲ਼ ਧਰਤੀ ਮਾਤਾ ਦੀਆਂ ਵੱਖੀਆਂ ਕੁਤਕੁਤਾਂਉਂਦੇ ਤੇ ਸੁਨਹਿਰੀ ਬੀਜ ਪੋਲੀਆਂ ਤਹਿਆਂ ਵਿੱਚ ਲੁਕਾਉਂਦੇ ਹਨ ਤੇ ਆਸ ਰੱਖਦੇ ਹਨ ਕਿ ਧਰਤੀ ਮਾਤਾ ਲਹਿਰਾਉਦੀਆਂ ਫ਼ਸਲਾਂ ਵਿੱਚ ਹੱਸੇਗੀ। ਉਦੋਂ ਮੇਰੇ ਦਾਦੀ ਜੀ ਆਪਣੇ ਕਮਰੇ ਦੇ ਇੱਕ ਆਲ਼ੇ ਵਿੱਚ ਚੋਣਵੇਂ ਦਾਣੇ ਕਣਕ ਦੇ ਬੀਜਦੇ ਹਨ, ਇਹਨਾਂ ਨੂੰ ਪਾਣੀ ਦੇਂਦੇ, ਨਾਲ਼ ਕੂਲ਼ੀਆਂ, ਹਰੀਆਂ ਚੁੰਝਾਂ ਨੂੰ ਉੱਚਾ ਹੁੰਦੇ ਵੇਖਦੇ ਹਨ। ਹਰੀ ਖੇਤਰੀ ਦੇ ਸਾਹਮਣੇ ਇਹ ਰੋਜ਼ਾਨਾ ਜੋਤ ਜਗਾਉਂਦੇ ਹਨ, ਮੱਥਾ ਟੇਕਦੇ ਤੇ ਪ੍ਰਾਰਥਨਾ ਕਰਦੇ ਹਨ। ਕੁਝ ਦਿਨਾਂ ਬਾਅਦ ਬੜੇ ਆਦਰ ਨਾਲ਼ ਇੱਕ-ਇੱਕ ਡਾਲ਼ ਨੂੰ ਪੁੱਟਦੇ ਤੇ ਉਹਨਾਂ ਨਾਲ਼ ਗੱਲਾਂ ਕਰਦੇ ਹਨ। ਫੇਰ ਸੁੱਖਾਂ ਮੰਗਦੇ ਇਹ ਖੇਤਰੀ ਨੂੰ ਪਾਣੀ ਵਿੱਚ ਪ੍ਰਵਾਹ ਕਰ ਦਿੰਦੇ ਹਨ।

1. **ਮੋਹਿਨੀ ਸ਼ਹਿਜ਼ਾਦੀ ਦੇ ਮੂੰਹੋਂ ਕੀ ਕਿਰਦਾ ਸੀ?**
   ੳ. ਫੁੱਲ — ਅ. ਬਾਗ਼
   ੲ. ਬੀਜ — ਸ. ਫ਼ਸਲਾਂ।
2. **ਦਾਦੀ ਜੀ ਕਿਸ ਦਾ ਬੜਾ ਸਤਿਕਾਰ ਕਰਦੇ ਹਨ?**
   ੳ. ਮੋਹਿਨੀ ਸ਼ਹਿਜ਼ਾਦੀ ਦਾ — ਅ. ਕੁਦਰਤ ਦਾ
   ੲ. ਫ਼ਸਲਾਂ ਦਾ — ਸ. ਧਰਤੀ ਮਾਤਾ ਦਾ।
3. **ਦਾਦੀ ਜੀ ਕਣਕ ਦੇ ਚੋਣਵੇਂ ਦਾਣੇ ਕਿੱਥੇ ਬੀਜਦੇ ਹਨ?**
   ੳ. ਬਾਗ਼ 'ਚ — ਅ. ਧਰਤੀ 'ਤੇ
   ੲ. ਪਾਣੀ 'ਚ — ਸ. ਆਲ਼ੇ 'ਚ।
4. **ਕੌਣ ਲਹਿਰਾਉਂਦੀਆਂ ਫ਼ਸਲਾਂ ਵਿੱਚ ਹੱਸੇਗਾ?**
   ੳ. ਮੋਹਿਨੀ ਸ਼ਹਿਜ਼ਾਦੀ — ਅ. ਧਰਤੀ ਮਾਤਾ
   ੲ. ਦਾਦੀ ਜੀ — ਸ. ਪਰੀ।
5. **ਦਾਦੀ ਜੀ ਕਿਸ ਨੂੰ ਪਾਣੀ ਵਿੱਚ ਪ੍ਰਵਾਹ ਕਰਦੇ ਹਨ?**
   ੳ. ਫ਼ਸਲਾਂ ਨੂੰ — ਅ. ਬੀਜਾਂ ਨੂੰ
   ੲ. ਖੇਤਰੀ ਨੂੰ — ਸ. ਫੁੱਲਾਂ ਨੂੰ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮੇਰੇ ਦਾਦੀ ਜੀ ਬੁੱਢੇ ਹਨ, ਬਹੁਤ ਬੁੱਢੇ, ਨੱਬੇ ਤੋਂ ਤਿੰਨ ਉੱਤੇ, ਤਰਿਆਨਵੇਂ ਵਰ੍ਹੇ ਦੇ। ਇਹ ਛੋਟੇ ਹਨ, ਬਹੁਤ ਛੋਟੇ, ਮਸਾਂ ਚਾਰ ਤੇ ਅੱਧਾ ਫੁੱਟ। ਇਹ ਖ਼ੁਸ਼ ਹਨ, ਬੜੇ ਖ਼ੁਸ਼, ਜੀਕਰ ਸੁਨਹਿਰੀ ਕਿਰਨਾਂ ਚੁੰਮਿਆ- ਕੰਵਲ। ਇਹ ਕੋਮਲ ਹਨ, ਬੜੇ ਕੋਮਲ, ਉਸ ਨਿੱਕੀ ਨਦੀ ਵਾਂਗ ਜਿਹੜੀ ਮਹਿਕਦੇ ਬਾਗ਼ ਦੇ ਖਿੜਦੇ ਬੂਟਿਆਂ ਨੂੰ ਛੂੰਹਦੀ ਵਗਦੀ ਹੈ। ਇਹ ਇੱਕ ਪੁਰਾਤਨ ਸਿੱਖ ਦਾ ਨਮੂਨਾ ਹਨ। ਇਹਨਾਂ ਦੇ ਦੁਆਲ਼ੇ ਸੈਂਕੜੇ ਨਵੇਂ ਖ਼ਿਆਲ ਉੱਠਦੇ ਤੇ ਇਹਨਾਂ ਨੂੰ ਛੂਹੇ ਬਿਨਾਂ ਮੁੱਕ ਜਾਂਦੇ ਹਨ। ਬੱਦਲ਼ ਕਾਲ਼ੇ ਹੋਣ ਜਾਂ ਧੁੱਪਾਂ ਲਿਸ਼ਕਦੀਆਂ ਹੋਣ, ਮੀਂਹ ਵਰ੍ਹਦੇ ਜਾਂ ਧਰਤੀ ਤਪਦੀ ਹੋਵੇ, ਇਹ ਪਥਰੀਲੀ ਪਹਾੜੀ ਦੀ ਸਿਖਰ ਉੱਤੇ ਸੰਗਮਰਮਰ ਦੇ ਮੰਦਰ ਵਾਂਗ ਉਹਨਾਂ ਤਬਦੀਲੀਆਂ ਉੱਤੇ ਮੁਸਕਰਾਉਂਦੇ ਹਨ ਜਿਹੜੀਆਂ ਇਹਨਾਂ ਨੂੰ ਤਬਦੀਲ ਨਹੀਂ ਕਰਦੀਆਂ।

6. **ਸਰੀਰਕ ਪੱਖੋਂ ਦਾਦੀ ਜੀ ਕਿਸ ਤਰ੍ਹਾਂ ਦੇ ਲੱਗਦੇ ਹਨ?**

ੳ. ਕੋਮਲ
ਅ. ਛੋਟੇ
ੲ. ਬੁੱਢੇ
ਸ. ਉਪਰੋਕਤ ਸਾਰੇ।

**7. ਇਹ ਛੋਟੇ ਹਨ, ਬਹੁਤ ਛੋਟੇ, ਮਸਾਂ ਚਾਰ ਤੇ ਅੱਧਾ ਫ਼ੁੱਟ।**
**ਉਪਰੋਕਤ ਵਾਕ ਵਿੱਚ 'ਛੋਟੇ' ਸ਼ਬਦ ਕਿਸ ਚੀਜ਼ ਨੂੰ ਮਾਪ ਰਿਹਾ ਹੈ?**

ੳ. ਦਾਦੀ ਦੀ ਖ਼ੁਸ਼ੀ ਨੂੰ
ਅ. ਦਾਦੀ ਦੇ ਕੱਦ ਨੂੰ
ੲ. ਨਦੀ ਨੂੰ
ਸ. ਪਹਾੜੀ ਨੂੰ।

**8. ਲੇਖਕ ਨੇ ਦਾਦੀ ਜੀ ਦੇ ਕੋਮਲ ਸੁਭਾਅ ਦੀ ਤੁਲਨਾ ਕਿਸ-ਕਿਸ ਨਾਲ਼ ਕੀਤੀ ਹੈ?**

ੳ. ਨਿੱਕੀ ਨਦੀ ਨਾਲ਼
ਅ. ਮਹਿਕਦੇ ਬਾਗ਼ ਨਾਲ਼
ੲ. ਖਿੜਦੇ ਬੂਟੇ ਨਾਲ਼
ਸ. ਉਪਰੋਕਤ ਸਾਰੇ।

**9. ਦਾਦੀ ਜੀ ਨੂੰ ਬਿਨਾਂ ਛੂਹੇ ਕਿਹੜੇ ਖ਼ਿਆਲ ਮੁੱਕ ਜਾਂਦੇ ਸੀ?**

ੳ. ਛੋਟੇ
ਅ. ਪੁਰਾਤਨ
ੲ. ਨਵੇਂ
ਸ. ਕਾਲ਼ੇ।

**10. ਦਾਦੀ ਜੀ ਕਿਹੋ ਜਿਹੀਆਂ ਤਬਦੀਲੀਆਂ ਵਿੱਚ ਵੀ ਮੁਸਕਰਾਉਂਦੇ ਹਨ?**

ੳ. ਬੱਦਲ਼ ਕਾਲ਼ੇ ਹੋਣ
ਅ. ਧੁੱਪਾਂ ਲਿਸ਼ਕਦੀਆਂ ਹੋਣ
ੲ. ਮੀਂਹ ਵਰ੍ਹਦੇ ਜਾਂ ਧਰਤੀ ਤਪਦੀ ਹੋਵੇ
ਸ. ਉਪਰੋਕਤ ਸਾਰੇ।

## ਪਾਠ 10 (ਸ਼ੇਰਨੀਆਂ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਹੋਰ ਬੱਚੇ ਤੇ ਸੌਂ ਗਏ ਸਨ ਪਰ ਸਭ ਤੋਂ ਛੋਟਾ ਅਜੇ ਜਾਗਦਾ ਸੀ, ਦਿਨੇ ਚੋਖਾ ਚਿਰ ਸੁੱਤਾ ਰਿਹਾ ਹੋਣ ਕਰਕੇ। ਮੇਰੀ ਪਤਨੀ ਉਸ ਦੇ ਨਾਲ਼ ਲੰਮੀ ਪੈ ਕੇ ਉਸ ਨੂੰ ਸੁਆਉਣ ਦਾ ਚਾਰਾ ਕਰ ਰਹੀ ਸੀ। ਮੇਰੀ ਤੇ ਮੇਰੀ ਪਤਨੀ ਦੀ ਸਲਾਹ ਸੀ ਕਿ ਸੌਣ ਤੋਂ ਪਹਿਲਾਂ ਕੁਝ ਚਿਰ ਸੈਰ ਕਰ ਆਈਏ ਪਰ ਕਾਕੇ ਦੇ ਸੌਣ ਤੀਕ ਕਿਸ ਤਰ੍ਹਾਂ ਜਾ ਸਕਦੇ ਸਾਂ? ਇਸ ਲਈ ਮੈਂ ਪਹਿਲਾਂ ਇਕੱਲੇ ਹੀ ਜਾਣ ਦਾ ਫ਼ੈਸਲਾ ਕੀਤਾ। ਪਾਰਕ ਬਹੁਤ ਵੱਡੀ ਸੀ।ਹੇਠਾਂ ਸਾਫ਼-ਪੱਧਰੀ ਜ਼ਮੀਨ 'ਤੇ ਘਾਹ ਉਗਾਇਆ ਹੋਇਆ ਸੀ ਤੇ ਆਲ਼ੇ-ਦੁਆਲ਼ੇ ਤਾਰ ਲੱਗੀ ਹੋਈ ਸੀ। ਲੰਘਣ ਲਈ ਵਿੱਚ-ਵਿੱਚ, ਕਿਤੇ-ਕਿਤੇ ਖੱਪੇ ਛੱਡੇ ਹੋਏ ਸਨ। ਇੱਕ ਪਾਸੇ ਸੜਕ ਲੰਘਦੀ ਸੀ ਜਿਸ 'ਤੇ ਜਗ ਰਹੀਆਂ ਬੱਤੀਆਂ ਪਾਰਕ ਵਿੱਚ ਚਾਨਣ ਸੁੱਟਦੀਆਂ ਸਨ। ਪਾਰਕ ਦੁਆਲ਼ੇ ਦੀ ਤਾਰ ਵਿਚਲੇ ਰਾਹਾਂ ਦਾ ਮੈਨੂੰ ਪਤਾ ਸੀ ਪਰ ਇਸ ਵੇਲ਼ੇ ਰਾਹੋਂ ਲੰਘਣ ਦੀ ਥਾਂ ਮੇਰਾ ਤਾਰ ਟੱਪ ਕੇ ਜਾਣ ਨੂੰ ਜੀਅ ਕੀਤਾ। ਤਾਰ ਲੰਘ ਕੇ ਇੱਕ ਸਿਰਿਓਂ ਮੈਂ ਦੂਜੇ ਸਿਰੇ ਟੁਰ ਪਿਆ। ਪਾਰਕ ਵਿੱਚ ਇਸ ਵੇਲ਼ੇ ਮੇਰੇ ਬਿਨਾਂ ਹੋਰ ਕੋਈ ਨਹੀਂ ਸੀ।ਥੋੜ੍ਹੀ ਦੂਰ ਜਾ ਕੇ ਜਦ ਪੱਕੀ ਸੜਕ ਦਾ ਮੋੜ ਮੁੜਿਆ, ਅੱਗੋਂ ਮੇਰੀ ਪਤਨੀ ਆ ਰਹੀ ਸੀ। ਅਸੀਂ ਫਿਰ ਪਿਛਾਂਹ ਟੁਰ ਪਏ। ਜਦੋਂ ਅਸੀਂ ਉਹ ਮੋੜ ਮੁੜੇ ਤਾਂ ਪਾਰਕ ਵਿੱਚ ਦੋ ਸਾਈਕਲਾਂ ਪਰ੍ਹਾਂ ਨੂੰ ਜਾ ਰਹੀਆਂ ਸਨ। ਪਾਰਕ ਦੇ ਇਸ ਸਿਰੇ ਦੇ ਨੇੜੇ ਆ ਕੇ ਉਹ ਦੋਵੇਂ ਸਾਈਕਲ ਫਿਰ ਮੁੜ ਗਏ।

**1. ਦਿਨੇ ਚੋਖਾ ਚਿਰ ਕੌਣ ਸੁੱਤਾ ਰਿਹਾ ਸੀ?**

ੳ. ਪਤਨੀ
ਅ. ਸਭ ਤੋਂ ਛੋਟਾ ਬੱਚਾ
ੲ. ਮੈਂ
ਸ. ਹੋਰ ਬੱਚੇ।

**2. ਪਾਰਕ ਵਿੱਚੋਂ ਲੰਘਣ ਲਈ ਵਿੱਚ-ਵਿੱਚ, ਕਿਤੇ-ਕਿਤੇ ਕੀ ਛੱਡਿਆ ਹੋਇਆ ਸੀ?**

ੳ. ਜ਼ਮੀਨ
ਅ. ਘਾਹ
ੲ. ਖੱਪੇ
ਸ. ਤਾਰ।

**3. ਪਤੀ ਤੇ ਪਤਨੀ ਨੇ ਸੌਣ ਤੋਂ ਪਹਿਲਾਂ ਕੀ ਸਲਾਹ ਕੀਤੀ?**

ੳ. ਕਾਕੇ ਨੂੰ ਚੁੱਕਣ ਦੀ
ਅ. ਅਜੇ ਜਾਗਦੇ ਰਹਿਣ ਦੀ
ੲ. ਸੈਰ 'ਤੇ ਜਾਣ ਦੀ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**4. ਪਤੀ ਦਾ ਸੈਰ 'ਤੇ ਜਾਣ ਦਾ ਫ਼ੈਸਲਾ ਕੀ ਹੋਇਆ?**

ੳ. ਪਤਨੀ ਨਾਲ਼ ਜਾਣ ਦਾ
ਅ. ਇੱਕਲੇ ਜਾਣ ਦਾ
ੲ. ਛੋਟੇ ਬੱਚੇ ਨਾਲ਼ ਜਾਣ ਦਾ
ਸ. ਪਤਨੀ ਅਤੇ ਬੱਚਿਆਂ ਨਾਲ਼।

**5. ਪਤੀ ਨੇ ਕਿਸ ਨੂੰ ਪਾਰਕ ਵਿੱਚ ਆਉਣ ਲਈ ਕਿਹਾ?**
ੳ. ਛੋਟੇ ਬੱਚੇ ਨੂੰ
ਅ. ਪਤਨੀ ਨੂੰ
ੲ. ਪਤਨੀ ਅਤੇ ਬੱਚਿਆਂ ਨੂੰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਇਹ ਕੁੜੀਆਂ ਤੇ ਖ਼ਬਰੇ ਸਾਈਕਲ ਚਲਾਉਣ ਦੀ ਜਾਚ ਸਿੱਖ ਰਹੀਆਂ ਸਨ। ਮੇਰੀ ਪਤਨੀ ਵੀ ਮੇਰੇ ਵਾਂਗ ਸਾਈਕਲਾਂ ਵੱਲ ਹੀ ਦੇਖ ਰਹੀ ਸੀ। ਮੇਰੀ ਪਤਨੀ ਉਹਨਾਂ ਕੁੜੀਆਂ ਨੂੰ ਪਛਾਣਨਾ ਚਾਹੁੰਦੀ ਸੀ। ਅਸੀਂ ਟਹਿਲਦੇ-ਟਹਿਲਦੇ ਉਹਨਾਂ ਦੇ ਨੇੜੇ ਹੁੰਦੇ ਗਏ। ਜ਼ਨਾਨੀ ਨਾਲ਼ ਹੋਣ ਕਰਕੇ ਮੈਨੂੰ ਉਹਨਾਂ ਦੇ ਨੇੜੇ ਜਾਂਦਿਆਂ ਕੋਈ ਡਰ ਨਹੀਂ ਸੀ। "ਤੁਸੀਂ, ਉੱਤਰ ਕਿਉਂ ਗਈਆਂ ਓ? ਇਹ ਤਾਂ ਸਰੋਜ ਤੇ ਵੀਨਾ ਨੇ।" ਉਸ ਨੇ ਉਹਨਾਂ ਵੱਲ ਹੱਥ ਕਰ ਕੇ ਮੈਨੂੰ ਦੱਸਿਆ ਤੇ ਫਿਰ ਉਹਨਾਂ ਨੂੰ ਕਿਹਾ, "ਚਲਾਓ, ਚਲਾਓ। ਜ਼ਰਾ ਅਸੀਂ ਵੀ ਵੇਖੀਏ।" "ਕਦੋਂ ਕੁ ਦੀਆਂ ਚਲਾਂਦੀਆਂ ਪਈਆਂ ਓ?" ਮੇਰੀ ਪਤਨੀ ਨੇ ਉਹਨਾਂ ਦੇ ਥੱਕ ਜਾਣ 'ਤੇ ਪੁੱਛਿਆ। "ਨਹੀਂ ਭੈਣ ਜੀ, ਅਜੇ ਤਾਂ ਅਸਾਂ ਦੋ-ਤਿੰਨ ਚੱਕਰ ਹੀ ਲਾਏ ਨੇ, ਉਂਵ ਸਾਨੂੰ ਸੰਗ ਆਉਂਦੀ ਏ।" ਜਦੋਂ ਉਹਨਾਂ ਤੋਂ ਵੱਖ ਹੋ ਕੇ ਅਸੀਂ ਸੜਕ 'ਤੇ ਆਏ ਤਾਂ ਮੇਰੀ ਪਤਨੀ ਨੇ ਕਿਹਾ, "ਇਹ ਦੋਵੇਂ ਮਾਸਟਰਾਣੀਆਂ ਨੇ। ਇੱਥੇ ਸ਼ਹਿਰ ਵਿੱਚ ਕਿਸੇ ਸਕੂਲੇ ਜਗ੍ਹਾ ਨਹੀਂ ਮਿਲ਼ੀ। ਪਿੰਡਾਂ ਵਿੱਚ ਨੌਕਰੀਆਂ ਮਿਲ਼ ਜਾਂਦੀਆਂ ਨੇ। ਹੁਣ ਇਹ ਉੱਥੇ ਪੜ੍ਹਾਉਣ ਜਾਂਦੀਆਂ ਨੇ।" ਇੱਕ ਵਾਰੀ ਮੈਂ ਤੇ ਮੇਰੀ ਭੈਣ ਫ਼ਿਰੋਜ਼ਪੁਰ ਆਪਣੇ ਘਰ ਅੱਗੇ ਸਵੇਰੇ ਘੁਸ-ਮੁਸੇ ਜਿਹੇ ਵਿੱਚ ਫਿਰ ਰਹੀਆਂ ਸਾਂ। ਸਾਹਮਣਿਓਂ ਕਾਹਲ਼ੀ-ਕਾਹਲ਼ੀ ਟੁਰਦੀ ਇੱਕ ਕੁੜੀ ਆਈ। ਕਦੀ ਉਹ ਦੋ ਕੁ ਪੈਰ ਭੱਜ ਵੀ ਲੈਂਦੀ ਤੇ ਕਾਹਲ਼ੀ-ਕਾਹਲ਼ੀ ਟੁਰਨ ਲੱਗ ਪੈਂਦੀ।"ਭਲਾ ਕਿੱਥੇ ਜਾਂਦੀ ਹੈ?" ਇਹ ਜਾਣਨ ਲਈ ਅਸੀਂ ਵੀ ਉਹਦੇ ਪਿੱਛੇ ਤੁਰ ਪਈਆਂ। ਉਹ ਟੈਲੀਫੂਨ-ਐਕਸਚੇਂਜ ਨੂੰ ਮੁੜ ਪਈ। ਅਸੀਂ ਸਮਝ ਲਿਆ ਕਿ ਉਹ ਟੈਲੀਫੂਨ-ਉਪਰੇਟਰ ਸੀ।

**6. ਸਾਈਕਲ ਚਲਾਉਣ ਦੀ ਜਾਚ ਕੌਣ ਸਿੱਖ ਰਿਹਾ ਸੀ?**
ੳ. ਪਤਨੀ
ਅ. ਕੁੜੀਆਂ
ੲ. ਮੈਂ ਪਾਤਰ
ਸ. ਭੈਣ ਜੀ।

**7. ਕੁੜੀਆਂ ਨੇ ਅਜੇ ਕਿੰਨੇ ਚੱਕਰ ਲਗਾਏ ਸਨ?**
ੳ. ਦੋ
ਅ. ਤਿੰਨ
ੲ. ਦੋ-ਤਿੰਨ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਪਾਰਕ ਵਿੱਚ ਸਾਈਕਲ ਚਲਾ ਰਹੀਆਂ ਕੁੜੀਆਂ ਦੇ ਨਾਮ ਕੀ ਸਨ?**
ੳ. ਭੈਣ ਜੀ
ਅ. ਸਰੋਜ
ੲ. ਵੀਨਾ
ਸ. ਅ ਅਤੇ ੲ ਦੋਵੇਂ।

**9. ਸਰੋਜ ਤੇ ਵੀਨਾ ਕੀ ਕੰਮ ਕਰਦੀਆਂ ਸਨ?**
ੳ. ਸਾਈਕਲ ਸਿਖਾਉਂਦੀਆਂ ਸਨ
ਅ. ਟੈਲੀਫੂਨ-ਉਪਰੇਟਰ ਸਨ
ੲ. ਮਾਸਟਰਾਣੀਆਂ ਸਨ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**10. ਕਾਹਲ਼ੀ-ਕਾਹਲ਼ੀ ਕੌਣ ਤੁਰ ਰਹੀ ਸੀ?**
ੳ. ਟੈਲੀਫੂਨ-ਐਕਸਚੇਂਜ ਵਿੱਚ ਲੱਗੀ ਹੋਈ ਕੁੜੀ
ਅ. ਮੈਂ ਤੇ ਮੇਰੀ ਭੈਣ
ੲ. ਸਰੋਜ
ਸ. ਵੀਨਾ।

## ਪਾਠ 11 (ਬਾਬਾ ਬੰਦਾ ਸਿੰਘ ਬਹਾਦਰ)

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਬੰਦਾ ਬਹਾਦਰ ਦਾ ਜਨਮ 27 ਅਕਤੂਬਰ, 1670 ਈ. ਵਿੱਚ ਪੁਣਛ ਜ਼ਿਲ੍ਹੇ ਦੇ ਰਾਜੌਰੀ ਨਾਂ ਦੇ ਪਿੰਡ ਵਿੱਚ ਹੋਇਆ। ਬੰਦਾ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਉਸ ਦਾ ਪਿਤਾ ਰਾਮਦੇਵ ਇੱਕ ਗ਼ਰੀਬ ਕਿਰਸਾਣ ਸੀ। ਉਹ ਆਪਣੇ ਪਿਤਾ ਨਾਲ਼ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦਾ ਸੀ। ਜਦ ਵੀ ਵਿਹਲ ਮਿਲ਼ਦੀ, ਉਹ ਤੀਰ-ਕਮਾਨ ਚੁੱਕਦਾ ਅਤੇ ਸ਼ਿਕਾਰ ਖੇਡਣ ਚਲਾ ਜਾਂਦਾ। ਉਹ ਇੱਕ ਚੰਗਾ ਨਿਸ਼ਾਨੇਬਾਜ਼ ਸੀ। ਉਸ ਨੂੰ ਤਲਵਾਰ, ਤੀਰ-ਕਮਾਨ ਆਦਿ ਸ਼ਸਤਰ ਚਲਾਉਣ ਦਾ ਚੰਗਾ ਅਭਿਆਸ ਸੀ। ਉਹ ਬਚਪਨ ਤੋਂ ਹੀ ਦਲੇਰ ਸੀ। ਪੰਦਰਾਂ ਕੁ ਸਾਲਾਂ ਦੀ ਉਮਰ ਵਿੱਚ ਉਸ ਦੇ ਜੀਵਨ ਵਿੱਚ ਇੱਕ ਅਜਿਹੀ ਘਟਨਾ ਵਾਪਰੀ, ਜਿਸ ਨੇ ਉਹਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ। ਉਹ ਇੱਕ ਨਦੀ ਦੇ ਕਿਨਾਰੇ ਸ਼ਿਕਾਰ ਖੇਡ ਰਿਹਾ ਸੀ ਕਿ ਸਾਹਮਣਿਓਂ ਇੱਕ ਹਿਰਨੀ ਲੰਘੀ। ਲਛਮਣ ਦੇਵ ਨੇ ਝਟ ਇੱਕ ਸ਼ੂਕਦਾ ਤੀਰ ਛੱਡਿਆ। ਹਿਰਨੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਉਸ ਦੀਆਂ ਅੱਖਾਂ ਸਾਹਮਣੇ ਤੜਫ-ਤੜਫ ਕੇ ਮਰ ਗਈ। ਨਾਲ਼ ਹੀ ਉਸ ਦੇ ਛਲਣੀ ਹੋਏ ਪੇਟ ਵਿੱਚੋਂ ਦੋ ਬੱਚੇ ਨਿਕਲ਼ੇ। ਉਹ ਵੀ ਉਸ ਦੀਆਂ ਅੱਖਾਂ ਸਾਹਮਣੇ ਦਮ ਤੋੜ ਗਏ। ਇਸ ਘਟਨਾ ਦਾ ਲਛਮਣ ਦੇਵ ਦੇ ਮਨ ਉੱਤੇ ਡੂੰਘਾ ਅਸਰ ਪਿਆ। ਉਸ ਨੇ ਤੀਰ-ਕਮਾਨ ਨਦੀ ਵਿੱਚ ਵਗਾਹ ਮਾਰੇ ਤੇ ਫ਼ੈਸਲਾ ਕੀਤਾ ਕਿ ਉਹ ਅੱਗੇ ਤੋਂ ਕਿਸੇ ਜੀਵ ਨੂੰ ਨਹੀਂ ਮਾਰੇਗਾ। ਇਸ ਘਟਨਾ ਤੋਂ ਪਿੱਛੋਂ ਲਛਮਣ ਦੇਵ ਉਦਾਸ ਰਹਿਣ ਲੱਗ ਪਿਆ। ਉਸ ਦਾ ਕੋਈ ਕੰਮ-ਧੰਦਾ ਕਰਨ ਨੂੰ ਜੀਅ ਨਾ ਕਰਦਾ। ਫਿਰ ਉਹ ਇੱਕ ਬਰਾਗੀ ਸਾਧੂ ਬਣ ਗਿਆ ਤੇ ਆਪਣਾ ਨਾਂ ਮਾਧੋ ਦਾਸ ਰੱਖ ਲਿਆ। ਤਦ ਉਹ ਘੁੰਮਦਾ-ਘੁਮਾਉਂਦਾ ਦੱਖਣੀ ਭਾਰਤ ਦੀ ਪ੍ਰਸਿੱਧ ਨਦੀ ਗੋਦਾਵਰੀ ਦੇ ਕਿਨਾਰੇ ਪੁੱਜ ਗਿਆ।

**1. ਬੰਦਾ ਬਹਾਦਰ ਦਾ ਬਚਪਨ ਵਿਚ ਕੀ ਨਾਂ ਸੀ?**

ੳ. ਮਾਧੋ ਦਾਸ — ਅ. ਬੰਦਾ ਬਹਾਦਰ

ੲ. ਰਾਮਦੇਵ — ਸ. ਲਛਮਣ ਦੇਵ।

**2. ਬੰਦਾ ਬਹਾਦਰ ਨੂੰ ਕਿਸ ਦਾ ਅਭਿਆਸ ਸੀ?**

ੳ. ਨਾਂ ਬਦਲਣ ਦਾ — ਅ. ਪੜ੍ਹਾਉਣ ਦਾ

ੲ. ਸ਼ਸਤਰ ਚਲਾਉਣ ਦਾ — ਸ. ਖੇਤੀ ਦਾ।

**3. ਉਸ ਨੇ ਨਦੀ ਵਿਚ ਕੀ ਵਗਾਹ ਮਾਰਿਆ?**

ੳ. ਤੀਰ-ਕਮਾਨ — ਅ. ਤਲਵਾਰ

ੲ. ਹਿਰਨੀ — ਸ. ਹਿਰਨੀ ਦੇ ਬੱਚੇ।

**4. ਹਿਰਨੀ ਵਾਲ਼ੀ ਘਟਨਾ ਪਿੱਛੋਂ ਬੰਦਾ ਬਹਾਦਰ ਵਿਚ ਕੀ ਤਬਦੀਲੀ ਆਈ?**

ੳ. ਖੇਤੀ ਕਰਨ ਲੱਗ ਪਿਆ — ਅ. ਬਰਾਗੀ ਬਣ ਗਿਆ

ੲ. ਸੂਰਬੀਰ ਬਣ ਗਿਆ — ਸ. ਆਪਣਾ ਕੰਮ-ਧੰਦਾ ਕਰਨ ਲੱਗ ਪਿਆ।

**5. ਹਿਰਨੀ ਵਾਲ਼ੀ ਘਟਨਾ ਪਿੱਛੋਂ ਬੰਦਾ ਬਹਾਦਰ ਨੇ ਆਪਣਾ ਕੀ ਨਾਂ ਰੱਖਿਆ?**

ੳ. ਲਛਮਣ ਦੇਵ — ਅ. ਮਾਧੋ ਦਾਸ

ੲ. ਬੰਦਾ ਬਰਾਗੀ — ਸ. ਰਾਮਦੇਵ।

- **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਜ਼ਾਲਮ ਹਾਕਮਾਂ ਨੂੰ ਉਹਨਾਂ ਦੀਆਂ ਵਧੀਕੀਆਂ ਦੀ ਸਜ਼ਾ ਦੇਣ ਨਾਲ਼ ਬੰਦਾ ਸਿੰਘ ਬਹਾਦਰ ਪੰਜਾਬੀਆਂ ਵਿੱਚ ਬਹੁਤ ਹਰਮਨ-ਪਿਆਰਾ ਹੋਇਆ। ਉਸ ਦੇ ਇਨਸਾਫ਼-ਪਸੰਦ ਅਤੇ ਗ਼ਰੀਬਾਂ ਦੇ ਹਮਦਰਦ ਹੋਣ ਕਾਰਨ ਉਹ ਹਰ ਆਮ ਮਨੁੱਖ ਲਈ ਆਸ ਦੀ ਕਿਰਨ ਬਣ ਗਿਆ ਸੀ। ਉਸ ਨੇ ਇਲਾਕਿਆਂ ਦੀ ਜਿੱਤ ਨਾਲ਼ੋਂ ਵੱਧ ਸਾਧਾਰਨ ਲੋਕਾਂ ਦੇ ਦਿਲ ਜਿੱਤ ਲਏ। ਬੰਦਾ ਬਹਾਦਰ ਨੇ 1708 ਈ. ਤੋਂ 1716 ਈ. ਤੱਕ ਅੱਠ ਸਾਲ ਪੰਜਾਬ ਵਿੱਚ ਮੁਗ਼ਲਾਂ ਦੇ ਪੈਰ ਨਾ ਲੱਗਣ ਦਿੱਤੇ। ਉਸ ਨੇ ਜਿੱਤੇ ਹੋਏ ਇਲਾਕਿਆਂ ਵਿੱਚ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਤੇ ਸਿੱਕੇ ਵੀ ਜਾਰੀ ਕੀਤੇ। ਮੁਗ਼ਲ ਹਕੂਮਤ ਲਈ ਇਹ ਸਹਿਣ ਕਰਨਾ ਸੌਖਾ ਨਹੀਂ ਸੀ। ਬਾਦਸ਼ਾਹ ਫ਼ਰੁੱਖਸੀਅਰ ਦੇ ਸਮੇਂ ਬੰਦਾ ਬਹਾਦਰ

ਦੇ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਗਈ। ਬੰਦਾ ਬਹਾਦਰ ਕਾਫ਼ੀ ਸਮਾਂ ਮੁਗ਼ਲ ਫ਼ੌਜਾਂ ਦਾ ਮੁਕਾਬਲਾ ਕਰਦਾ ਰਿਹਾ। ਅੰਤ ਗੁਰਦਾਸ ਨੰਗਲ਼ ਦੀ ਲੜਾਈ ਵਿੱਚ ਉਸ ਨੂੰ ਉਸ ਦੇ ਦੋ ਸੌ ਸਾਥੀਆਂ ਸਮੇਤ ਗਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਪਹਿਲਾਂ ਲਾਹੌਰ ਤੇ ਫਿਰ ਦਿੱਲੀ ਲਿਜਾਇਆ ਗਿਆ। ਉਨ੍ਹਾਂ ਨੂੰ ਅਨੇਕਾਂ ਤਸੀਹੇ ਦਿੱਤੇ ਗਏ, ਉਸ ਦੇ ਸਾਥੀ ਕਤਲ ਕਰ ਦਿੱਤੇ ਗਏ। ਬੰਦਾ ਬਹਾਦਰ ਨੂੰ 9 ਜੂਨ, 1716 ਈ. ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ।

**6. ਬੰਦਾ ਬਹਾਦਰ ਕਿਨ੍ਹਾਂ ਵਿੱਚ ਹਰਮਨ-ਪਿਆਰਾ ਹੋ ਗਿਆ?**
ੳ. ਜ਼ਾਲਮਾਂ ਵਿੱਚ | ਅ. ਹਾਕਮਾਂ ਵਿੱਚ
ੲ. ਮੁਗਲਾਂ ਵਿੱਚ | ਸ. ਪੰਜਾਬੀਆਂ ਵਿੱਚ।

**7. ਬੰਦਾ ਬਹਾਦਰ ਨੇ ਕਿਸ ਦੇ ਨਾਂ ਦੇ ਸਿੱਕੇ ਜਾਰੀ ਕੀਤੇ ?**
ੳ. ਗ਼ਰੀਬਾਂ ਦੇ | ਅ. ਮੁਗ਼ਲਾਂ ਦੇ
ੲ. ਆਪਣੇ ਨਾਂ ਦੇ | ਸ. ਗੁਰੂ ਗੋਬਿੰਦ ਸਿੰਘ ਜੀ ਦੇ।

**8. ਬੰਦਾ ਬਹਾਦਰ ਦੀ ਗਰਿਫ਼ਤਾਰੀ ਕਿੱਥੋਂ ਹੋਈ ?**
ੳ. ਗੁਰਦਾਸ ਨੰਗਲ਼ | ਅ. ਦਿੱਲੀ
ੲ. ਪੰਜਾਬ | ਸ. ਲਾਹੌਰ।

**9. ਬੰਦਾ ਬਹਾਦਰ ਨੇ ਪੰਜਾਬ ਵਿੱਚ ਕਿਸ ਦੇ ਪੈਰ ਨਾ ਲੱਗਣ ਦਿੱਤੇ?**
ੳ. ਸਾਧਾਰਨ ਲੋਕਾਂ ਦੇ | ਅ. ਵਾਹੀਕਾਰਾਂ ਦੇ
ੲ. ਮੁਗ਼ਲਾਂ ਦੇ | ਸ. ਪੰਜਾਬੀਆਂ ਦੇ।

**10. ਬੰਦਾ ਬਹਾਦਰ ਦੀ ਸ਼ਖ਼ਸੀਅਤ ਵਿੱਚ ਕਿਹੜੇ ਗੁਣ ਸਨ ?**
ੳ. ਇਨਸਾਫ਼-ਪਸੰਦ | ਅ. ਗ਼ਰੀਬਾਂ ਦਾ ਹਮਦਰਦ
ੲ. ਵਧੀਕੀਆਂ ਦੀ ਸਜ਼ਾ ਦੇਣ ਵਾਲ਼ਾ | ਸ. ਉਪਰੋਕਤ ਸਾਰੇ।

## ਪਾਠ 12 (ਸ਼ਾਬਾਸ਼! ਸੁਮਨ!)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਗਰਮੀਆਂ ਵਿੱਚ ਪਹਾੜਾਂ ਦਾ ਮੌਸਮ ਬੜਾ ਸੁਹਾਵਣਾ ਹੁੰਦਾ ਹੈ। ਪਹਾੜਾਂ ਦੀਆਂ ਠੰਢੀਆਂ ਹਵਾਵਾਂ ਤਨ-ਮਨ ਨੂੰ ਠਾਰਦੀਆਂ ਹਨ। ਜਦੋਂ ਤੇਜ਼ ਹਵਾ ਚੱਲਦੀ ਹੈ ਤਾਂ ਰੁੱਖ ਇਸ ਤਰ੍ਹਾਂ ਜ਼ੋਰ-ਜ਼ੋਰ ਨਾਲ਼ ਝੂਮਦੇ ਹਨ, ਜਿਵੇਂ ਕਿਸੇ ਚੁਟਕਲੇ ਨੂੰ ਸੁਣ ਕੇ ਬੰਦਾ ਹੱਸ-ਹੱਸ ਕੇ ਦੂਹਰਾ-ਤੀਹਰਾ ਹੋ ਜਾਂਦਾ ਹੈ। ਪਹਾੜ ਹਰ ਕੋਈ ਦੇਖਣਾ ਚਾਹੁੰਦਾ ਹੈ ਅਤੇ ਇਹ ਹਰ ਕਿਸੇ ਨੂੰ ਚੰਗੇ ਲੱਗਦੇ ਹਨ।ਪਹਾੜਾਂ 'ਤੇ ਬਹੁਤ ਸਾਰੇ ਸੈਲਾਨੀ ਆਉਂਦੇ ਹਨ। ਗਰਮੀਆਂ ਵਿੱਚ ਤਾਂ ਸੈਲਾਨੀਆਂ ਦੀ ਭਰਮਾਰ ਹੁੰਦੀ ਹੈ। ਕਰਨ ਵੀ ਆਪਣੇ ਮਾਤਾ-ਪਿਤਾ ਅਤੇ ਦੀਦੀ ਨਾਲ਼ ਸ਼ਿਮਲੇ ਘੁੰਮਣ ਗਿਆ। ਪਹਾੜ 'ਤੇ ਖੜ੍ਹ ਕੇ ਚਾਰੇ ਪਾਸੇ ਨਜ਼ਰ ਘੁਮਾ-ਘੁਮਾ ਕੇ ਦ੍ਰਿਸ਼ ਦੇਖ ਰਿਹਾ ਸੀ। ਉੱਚੇ-ਲੰਮੇ ਅਤੇ ਚੌੜੇ ਪਹਾੜਾਂ ਦਾ ਲਹਿਰੀਆ ਦੇਖ ਕੇ ਕਰਨ ਬਹੁਤ ਖ਼ੁਸ਼ ਹੋ ਰਿਹਾ ਸੀ। "ਕਰਨ! ਸੁਮਨ! ਆਓ ਚੱਲੀਏ" ਪਿਤਾ ਜੀ ਦੀ ਅਵਾਜ਼ ਸੁਣ ਕੇ ਦੋਵੇਂ ਭੈਣ-ਭਰਾ ਆਪਣੇ ਮਾਤਾ-ਪਿਤਾ ਕੋਲ਼ ਆ ਗਏ ਅਤੇ ਉਹਨਾਂ ਨਾਲ਼ ਪਹਾੜ ਤੋਂ ਹੇਠਾਂ ਉੱਤਰਨ ਲੱਗੇ। ਤੁਰਦਾ-ਤੁਰਦਾ ਕਰਨ ਰੁਕਿਆ। ਕੁਝ ਲੋਕ ਕਬੂਤਰਾਂ ਨੂੰ ਦਾਣਾ ਪਾ ਰਹੇ ਸਨ ਅਤੇ ਕਬੂਤਰ ਆਪਣੀ ਮਸਤੀ ਵਿੱਚ ਗੁਟਕ-ਗੁਟਕ ਕੇ ਦਾਣਾ ਚੁਗ ਰਹੇ ਸਨ। ਇਹ ਨਜ਼ਾਰਾ ਕਰਨ ਨੂੰ ਬਹੁਤ ਚੰਗਾ ਲੱਗਿਆ। ਥੋੜ੍ਹਾ ਅੱਗੇ ਗਏ ਤਾਂ ਉਹਨਾਂ ਨੇ ਪਿੰਜਰੇ 'ਚ ਪਏ ਤੋਤੇ ਨੂੰ ਦੇਖਿਆ ਜੋ ਕਦੇ ਅਕਾਸ਼ ਵੱਲ ਉੱਡਦੇ ਪਰਿੰਦਿਆਂ ਵੱਲ ਵੇਖਦਾ ਤੇ ਕਦੇ ਲੋਕਾਂ ਨੂੰ ਅਜ਼ਾਦ ਘੁੰਮਦਿਆਂ ਦੇਖਦਾ। ਸੁਮਨ ਨੂੰ ਪਿੰਜਰੇ ਵਿੱਚ ਬੰਦ ਤੋਤੇ ਨੂੰ ਦੇਖ ਕੇ ਬਹੁਤ ਦੁੱਖ ਹੋਇਆ। ਉਸ ਨੂੰ ਲੱਗਿਆ, ਜਿਵੇਂ ਤੋਤਾ ਪਿੰਜਰੇ 'ਚੋਂ ਬਾਹਰ ਆਉਣਾ ਲੋਚਦਾ ਹੋਵੇ। ਬੱਚਿਆਂ ਅਤੇ ਵੱਡਿਆਂ ਨੇ ਉਸ ਦੇ ਆਲ਼ੇ-ਦੁਆਲ਼ੇ ਝੁਰਮਟ ਪਾਇਆ ਹੋਇਆ ਸੀ।

**1. ਪਹਾੜਾਂ 'ਤੇ ਕੀ ਦੇਖਣ ਨੂੰ ਮਿਲ਼ਦਾ ਹੈ?**
ੳ. ਸੁਹਾਵਣਾ ਮੌਸਮ | ਅ. ਠੰਢੀਆਂ ਹਵਾਵਾਂ
ੲ. ਝੂਮਦੇ ਰੁੱਖ | ਸ. ਉਪਰੋਕਤ ਸਾਰੇ।

**2. ਹਰ ਕੋਈ ਕੀ ਦੇਖਣਾ ਚਾਹੁੰਦਾ ਹੈ?**

ੳ. ਪਹਾੜ
ਅ. ਕਬੂਤਰ
ੲ. ਤੋਤਾ
ਸ. ਅਕਾਸ਼।

3. **ਪੰਛੀਆਂ ਨੂੰ ਦਾਣਾ ਕੌਣ ਪਾ ਰਿਹਾ ਸੀ?**
ੳ. ਕਰਨ
ਅ. ਸੁਮਨ
ੲ. ਲੋਕ
ਸ. ਸੁਮਨ ਦੇ ਮਾਤਾ-ਪਿਤਾ।

4. **ਦਾਣਾ ਕੌਣ ਚੁਗ ਰਿਹਾ ਸੀ?**
ੳ. ਤੋਤਾ
ਅ. ਕਬੂਤਰ
ੲ. ਤੋਤਾ ਤੇ ਕਬੂਤਰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

5. **ਪਿੰਜਰੇ ਵਿੱਚ ਪਏ ਤੋਤੇ ਦਾ ਕਿਸ ਨੂੰ ਦੁੱਖ ਸੀ?**
ੳ. ਕਰਨ ਨੂੰ
ਅ. ਸੁਮਨ ਨੂੰ
ੲ. ਬੱਚਿਆਂ ਨੂੰ
ਸ. ਮਾਤਾ-ਪਿਤਾ ਨੂੰ

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

"ਮਾਤਾ ਜੀ, ਮੈਨੂੰ ਤਾਂ ਨੀਂਦ ਆ ਰਹੀ ਹੈ।" ਕਰਨ ਨੇ ਉਬਾਸੀਆਂ ਲੈਂਦਿਆਂ ਕਿਹਾ।"ਹਾਂ ਬਈ, ਚੱਲੋ ਸੌਂ ਜਾਈਏ, ਸਵੇਰੇ ਵਾਪਸ ਵੀ ਜਾਣਾ ਹੈ ਅਤੇ ਫੇਰ ਤੁਸੀਂ ਆਪਣੇ ਮਨ-ਪਸੰਦ ਖਿਡੌਣੇ ਵੀ ਤਾਂ ਖ਼ਰੀਦਣੇ ਹਨ।" ਸੁਮਨ ਅਜੇ ਵੀ ਪਿੰਜਰੇ ਵਿਚਲੇ ਤੋਤੇ ਬਾਰੇ ਸੋਚ ਰਹੀ ਸੀ। "ਚੱਲ ਬੇਟੇ, ਤੂੰ ਦੱਸ, ਕਿਹੜਾ ਲੈਣੈ?" ਕੋਲ਼ ਖੜ੍ਹੀ ਸੁਮਨ ਨੂੰ ਪਿਤਾ ਜੀ ਨੇ ਪੁੱਛਿਆ। "ਨਹੀਂ, ਪਿਤਾ ਜੀ, ਮੈਂ ਖਿਡੌਣਾ ਨਹੀਂ ਲੈਣਾ।" ਸੁਮਨ ਦੁਆਰਾ ਖਿਡੌਣੇ ਨਾ ਲੈਣ ਵਾਲ਼ੀ ਗੱਲ ਸੁਣ ਕੇ ਪਿਤਾ ਜੀ ਨੂੰ ਬਹੁਤ ਹੈਰਾਨੀ ਹੋਈ ਕਿਉਂਕਿ ਖਿਡੌਣੇ ਉਸ ਨੂੰ ਬੇਹੱਦ ਪਸੰਦ ਸਨ। "ਮਾਤਾ ਜੀ, ਮੈਂ ਤੋਤਾ ਲੈਣਾ ਹੈ।" ਸੁਮਨ ਨੇ ਪਿੰਜਰੇ ਵਾਲ਼ੇ ਤੋਤੇ ਵੱਲ ਇਸ਼ਾਰਾ ਕਰਦਿਆਂ ਕਿਹਾ। "ਭਾਈ ਸਾਹਿਬ! ਇਹ ਤੋਤਾ ਕਿੰਨੇ ਦਾ ਹੈ?" ਪਿਤਾ ਜੀ ਨੇ ਝਕਦਿਆਂ ਹੋਇਆਂ ਪੁੱਛਿਆ। "ਪੰਜ ਸੌ ਦਾ......ਗੱਲਾਂ ਵੀ ਕਰਦੈ.........," ਤੋਤੇ ਵਾਲ਼ੇ ਨੇ ਕਿਹਾ। ਹੁਣ ਪਿੰਜਰਾ ਅਤੇ ਤੋਤਾ ਸੁਮਨ ਦੇ ਹੱਥ ਵਿੱਚ ਸਨ। ਇੱਕ ਛੋਟੀ ਜਿਹੀ ਪਹਾੜੀ ਆਈ। ਸੁਮਨ ਨੇ ਉਸ 'ਤੇ ਚੜ੍ਹ ਕੇ ਪਿੰਜਰੇ ਦਾ ਮੂੰਹ ਖੋਲ੍ਹ ਦਿੱਤਾ। ਤੋਤਾ ਫੁਰਰ ਕਰ ਕੇ ਬਾਹਰ ਆਇਆ ਅਤੇ ਸੁਮਨ ਦੇ ਮੋਢਿਆਂ 'ਤੇ ਬੈਠ ਗਿਆ। ਫਿਰ ਉਹ ਅਕਾਸ਼ ਵੱਲ ਜਾਂਦੇ ਤੋਤਿਆਂ ਦੀ ਡਾਰ ਨਾਲ਼ ਰਲ਼ ਗਿਆ। ਪਿੰਜਰਾ ਸੁਮਨ ਨੇ ਡੂੰਘੀ ਖੱਡ ਵਿੱਚ ਸੁੱਟ ਦਿੱਤਾ।

6. **ਨੀਂਦ ਕਿਸ ਨੂੰ ਆ ਰਹੀ ਸੀ?**
ੳ. ਤੋਤੇ ਨੂੰ
ਅ. ਸੁਮਨ ਨੂੰ
ੲ. ਕਰਨ ਨੂੰ
ਸ. ਪਿਤਾ ਜੀ ਨੂੰ।

7. **ਪਿੰਜਰ ਵਿਚਲੇ ਤੋਤੇ ਬਾਰੇ ਕੌਣ ਸੋਚ ਰਿਹਾ ਸੀ?**
ੳ. ਪਿਤਾ ਜੀ
ਅ. ਸੁਮਨ
ੲ. ਕਰਨ
ਸ. ਤੋਤੇ ਵਾਲ਼ਾ।

8. **ਖਿਡੌਣਾ ਲੈਣ ਤੋਂ ਇਨਕਾਰ ਕੌਣ ਕਰਦਾ ਹੈ?**
ੳ. ਤੋਤੇ ਵਾਲ਼ਾ
ਅ. ਮਾਤਾ ਜੀ
ੲ. ਸੁਮਨ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

9. **ਕਿਸ ਦੀ ਕੀਮਤ ਪੰਜ ਸੌ ਰੁਪਏ ਸੀ?**
ੳ. ਪਿੰਜਰੇ ਦੀ
ਅ. ਤੋਤੇ ਦੀ
ੲ. ਬਾਂਦਰ ਦੀ
ਸ. ਦੂਰਬੀਨ ਦੀ।

10. **ਡੂੰਘੀ ਖੱਡ ਵਿੱਚ ਕੀ ਸੁੱਟ ਦਿੱਤਾ ਗਿਆ?**
ੳ. ਪਿੰਜਰਾ
ਅ. ਤੋਤਾ
ੲ. ਖਿਡੌਣੇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ-14 (ਕਰਤਾਰ ਸਿੰਘ ਸਰਾਭਾ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਅਮਰੀਕਾ ਤੇ ਕਨੇਡਾ ਦੀਆਂ ਸਰਕਾਰਾਂ ਇਹਨਾਂ ਨੂੰ ਆਪਣੇ ਨਾਗਰਿਕ ਨਹੀਂ ਬਣਾਉਣਾ ਚਾਹੁੰਦੀਆਂ ਸਨ ਤੇ ਦੂਜਾ ਉੱਥੋਂ ਦੇ ਮਜ਼ਦੂਰ ਇਹਨਾਂ ਨੂੰ ਪਸੰਦ ਨਹੀਂ ਕਰਦੇ ਸਨ।ਇਸ ਲਈ ਉੱਥੇ ਵੱਸਦੇ ਹਿੰਦੁਸਤਾਨੀਆਂ ਨੇ 'ਗ਼ਦਰ' ਨਾਂ ਦੀ ਇੱਕ ਪਾਰਟੀ ਬਣਾਈ, ਜਿਸ ਦੇ ਪਹਿਲੇ ਪ੍ਰਧਾਨ ਪ੍ਰਸਿੱਧ ਦੇਸ-ਭਗਤ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਸਨ। ਕਰਤਾਰ ਸਿੰਘ 18 ਕੁ ਸਾਲਾਂ ਦੀ ਛੋਟੀ ਉਮਰ ਦਾ ਹੋਣ ਕਰਕੇ ਇਸ ਦੀ ਕਾਰਜ-ਕਾਰਨੀ ਦਾ ਇੱਕ ਮੈਂਬਰ ਹੀ ਸੀ। ਇਸ ਸਭਾ ਦਾ ਕੇਂਦਰ ਸਾਨਫ਼ਰਾਂਸਿਸਕੋ ਬਣਾਇਆ ਗਿਆ ਤੇ ਇਸ ਨੇ ਆਪਣੇ ਆਸ਼ੇ ਦਾ ਪ੍ਰਚਾਰ ਕਰਨ ਲਈ (ਉਰਦੂ ਤੇ ਪੰਜਾਬੀ ਵਿੱਚ) 'ਗ਼ਦਰ' ਨਾਂ ਹੇਠ ਹਫ਼ਤਾਵਾਰ ਅਖ਼ਬਾਰ ਕੱਢਿਆ। ਇਸ ਪਰਚੇ ਦੀ ਦਿਨੋ-ਦਿਨ ਵਧਦੀ ਮੰਗ ਨੂੰ ਮੁੱਖ ਰੱਖ ਕੇ ਇਸ ਦੇ ਸੰਖੇਪ ਹਿੰਦੀ ਤੇ ਗੁਜਰਾਤੀ ਵਿੱਚ ਵੀ ਪ੍ਰਕਾਸ਼ਿਤ ਕੀਤੇ ਜਾਣ ਲੱਗੇ। ਇਸ ਅਖ਼ਬਾਰ ਨੂੰ ਲਿਖਣ ਤੇ ਪ੍ਰਕਾਸ਼ਿਤ ਕਰਨ ਵਾਲ਼ੀ ਕਮੇਟੀ ਦੇ ਮੁਖੀ ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ ਤੇ ਸ੍ਰੀ ਰਘੁਬਰ ਦਿਆਲ ਗੁਪਤਾ ਸਨ। ਇਹ ਅਖ਼ਬਾਰ ਛੇਤੀ ਹੀ ਅਮਰੀਕਾ, ਕਨੇਡਾ ਤੋਂ ਛੁੱਟ ਹੋਰ ਟਾਪੂਆਂ ਵਿੱਚ ਵੀ ਬਹੁਤ ਪ੍ਰਚਲਿਤ ਹੋ ਗਿਆ। ਕਰਤਾਰ ਸਿੰਘ ਇਸ ਅਖ਼ਬਾਰ ਦੀ ਜਿੰਦ-ਜਾਨ ਸੀ। ਇਸ ਨੂੰ ਚਲਾਉਣ ਵਿੱਚ ਸਾਰਾ ਸਮਾਂ ਤੇ ਸ਼ਕਤੀ ਦੇਣ ਲਈ ਉਸ ਨੇ ਯੂਨੀਵਰਸਿਟੀ ਦੀ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ ਤੇ ਇਸ ਲਈ ਧਨ ਇੱਕਠਾ ਕਰਨ ਦਾ ਬੀੜਾ ਵੀ ਉਠਾਇਆ। ਇਸ ਸਭਾ ਦਾ ਉਦੇਸ਼ ਹਿੰਦੁਸਤਾਨ ਵਿੱਚ ਅੰਗਰੇਜ਼ ਰਾਜ ਦੇ ਵਿਰੁੱਧ ਹਥਿਆਰਬੰਦ ਵਿਦਰੋਹ ਕਰਕੇ ਇਸ ਦੀ ਸਫ਼ ਵਲੇਟਣਾ ਸੀ।

1. **ਗ਼ਦਰ ਪਾਰਟੀ ਦਾ ਪਹਿਲਾ ਸਕੱਤਰ ਕੌਣ ਸੀ?**
   ੳ. ਸੋਹਣ ਸਿੰਘ ਭਕਨਾ　　ਅ. ਕਰਤਾਰ ਸਿੰਘ ਸਰਾਭਾ
   ੲ. ਲਾਲਾ ਹਰਦਿਆਲ　　ਸ. ਸ੍ਰੀ ਰਘੁਬਰ ਦਿਆਲ ਗੁਪਤਾ।
2. **ਗ਼ਦਰ ਅਖ਼ਬਾਰ ਨੂੰ ਪ੍ਰਕਾਸ਼ਿਤ ਕਰਨ ਵਾਲ਼ੀ ਕਮੇਟੀ ਦੇ ਮੁਖੀ ਕੌਣ ਸਨ?**
   ੳ. ਕਰਤਾਰ ਸਿੰਘ ਸਰਾਭਾ　　ਅ. ਲਾਲਾ ਹਰਦਿਆਲ
   ੲ. ਸ੍ਰੀ ਰਘੁਬਰ ਦਿਆਲ ਗੁਪਤਾ　　ਸ. ਉਪਰੋਕਤ ਸਾਰੇ।
3. **ਗ਼ਦਰ ਅਖ਼ਬਾਰ ਦੀ ਜਿੰਦ-ਜਾਨ ਕੌਣ ਸੀ?**
   ੳ. ਕਰਤਾਰ ਸਿੰਘ ਸਰਾਭਾ　　ਅ. ਲਾਲਾ ਹਰਦਿਆਲ
   ੲ. ਸ੍ਰੀ ਰਘੁਬਰ ਦਿਆਲ ਗੁਪਤਾ　　ਸ. ਸੋਹਣ ਸਿੰਘ ਭਕਨਾ।
4. **ਯੂਨੀਵਰਸਿਟੀ ਦੀ ਪੜ੍ਹਾਈ ਵਿਚਾਲੇ ਕਿਸ ਨੇ ਛੱਡ ਦਿੱਤੀ?**
   ੳ. ਸੋਹਣ ਸਿੰਘ ਭਕਨਾ　　ਅ. ਕਰਤਾਰ ਸਿੰਘ ਸਰਾਭਾ
   ੲ. ਲਾਲਾ ਹਰਦਿਆਲ　　ਸ. ਸ੍ਰੀ ਰਘੁਬਰ ਦਿਆਲ ਗੁਪਤਾ।
5. **ਗ਼ਦਰ ਸਭਾ ਦਾ ਉਦੇਸ਼ ਕੀ ਸੀ?**
   ੳ. ਧਨ ਇਕੱਠਾ ਕਰਨਾ　　ਅ. ਅਮਰੀਕਾ ਤੇ ਕਨੇਡਾ ਦੇ ਨਾਗਰਿਕ ਬਣਨਾ
   ੲ. ਅੰਗਰੇਜ਼ੀ ਰਾਜ ਦੀ ਸਫ਼ ਵਲੇਟਣਾ　　ਸ. ਸਾਨਫ਼ਰਾਂਸਿਸਕੋ ਵਿੱਚ ਕੇਂਦਰ ਬਣਾਉਣਾ।

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਲੁਧਿਆਣਾ ਸ਼ਹਿਰ ਤੋਂ 25 ਕਿਲੋਮੀਟਰ ਦੀ ਵਿੱਥ ਉੱਤੇ ਲੁਧਿਆਣਾ-ਰਾਏਕੋਟ ਸੜਕ ਉੱਤੇ ਸਥਿਤ ਪਿੰਡ ਸਰਾਭਾ ਹੈ। ਇਸ ਪਿੰਡ ਵਿੱਚ ਸਰਦਾਰ ਮੰਗਲ ਸਿੰਘ ਦੇ ਘਰ ਸੰਨ 1896 ਈ. ਵਿੱਚ ਬਾਲਕ ਕਰਤਾਰ ਸਿੰਘ ਸਰਾਭਾ ਪੈਦਾ ਹੋਇਆ। ਛੋਟੀ ਉਮਰ ਵਿੱਚ ਹੀ ਇਸ ਦੇ ਪਿਤਾ ਦਾ ਦਿਹਾਂਤ ਹੋ ਗਿਆ ਅਤੇ ਕਰਤਾਰ ਸਿੰਘ ਦਾ ਪਾਲਣ-ਪੋਸਣ ਇਸ ਦੇ ਦਾਦਾ ਸਰਦਾਰ ਬਦਨ ਸਿੰਘ ਦੇ ਜ਼ੁੰਮੇ ਪੈ ਗਿਆ। ਮੁਢਲੀ ਵਿੱਦਿਆ ਕਰਤਾਰ ਸਿੰਘ ਨੇ ਸਰਾਭਾ ਪਿੰਡ ਵਿੱਚ ਹੀ ਪ੍ਰਾਪਤ ਕੀਤੀ। ਮਾਲਵਾ ਖ਼ਾਲਸਾ ਹਾਈ ਸਕੂਲ, ਲੁਧਿਆਣਾ ਤੋਂ ਅੱਠਵੀਂ ਤੇ 1910 ਈ. ਵਿੱਚ ਮਿਸ਼ਨ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਦਸਵੀਂ ਪਾਸ ਕਰ ਕੇ ਕਰਤਾਰ ਸਿੰਘ ਆਪਣੇ ਚਾਚਾ ਵੀਰ ਸਿੰਘ ਕੋਲ਼ ਓਡੀਸ਼ਾ, ਕਟਕ ਸ਼ਹਿਰ ਵਿੱਚ, ਜਿੱਥੇ ਉਹ ਡਾਕਟਰ ਸਨ, ਚਲਾ ਗਿਆ। ਉਹ ਮਸਾਂ ਇੱਕ ਸਾਲ ਹੀ ਆਪਣੇ ਚਾਚੇ ਪਾਸ ਠਹਿਰਿਆ। ਇਸ ਤੋਂ ਬਾਅਦ ਉਹ ਆਪਣੇ ਦਾਦੇ ਬਦਨ

ਸਿੰਘ ਨੂੰ ਕਹਿ ਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਵੱਲ ਚਲਾ ਗਿਆ, ਜਿੱਥੇ ਉਸ ਨੂੰ ਬਰਕਲੇ ਯੂਨੀਵਰਸਿਟੀ, ਸਾਨਫ਼ਰਾਂਸਿਸਕੋ ਵਿੱਚ ਦਾਖ਼ਲਾ ਮਿਲ਼ ਗਿਆ। ਇਹ 1912 ਈ. ਦੇ ਜਨਵਰੀ ਮਹੀਨੇ ਦੀ ਗੱਲ ਹੈ।

**6. ਕਰਤਾਰ ਸਿੰਘ ਸਰਾਭਾ ਦਾ ਜਨਮ ਕਿੱਥੇ ਹੋਇਆ ਸੀ ?**

ੳ. ਲੁਧਿਆਣਾ　　ਅ. ਸਰਾਭਾ

ੲ. ਰਾਏਕੋਟ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**7. ਕਰਤਾਰ ਸਿੰਘ ਸਰਾਭਾ ਦੇ ਦਾਦਾ ਜੀ ਕੌਣ ਸਨ?**

ੳ. ਮੰਗਲ ਸਿੰਘ　　ਅ. ਸਰਦਾਰ ਬਦਨ ਸਿੰਘ

ੲ. ਵੀਰ ਸਿੰਘ　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**8. ਸਰਦਾਰ ਕਰਤਾਰ ਸਿੰਘ ਸਰਾਭੇ ਨੇ ਮੁਢਲੀ ਵਿੱਦਿਆ ਕਿੱਥੋਂ ਪ੍ਰਾਪਤ ਕੀਤੀ ?**

ੳ. ਲੁਧਿਆਣਾ　　ਅ. ਰਾਏਕੋਟ

ੲ. ਓਡੀਸ਼ਾ　　ਸ. ਸਰਾਭਾ।

**9. ਦਸਵੀਂ ਪਾਸ ਕਰ ਕੇ ਕਰਤਾਰ ਸਿੰਘ ਸਰਾਭਾ ਆਪਣੇ ਚਾਚੇ ਕੋਲ਼ ਕਿੱਥੇ ਗਿਆ ਸੀ?**

ੳ. ਅਮਰੀਕਾ　　ਅ. ਲੁਧਿਆਣਾ

ੲ. ਰਾਏਕੋਟ　　ਸ. ਓਡੀਸ਼ਾ।

**10. ਕਰਤਾਰ ਸਿੰਘ ਸਰਾਭਾ ਕਟਕ ਸ਼ਹਿਰ ਵਿੱਚ ਇੱਕ ਸਾਲ ਕਿਸ ਕੋਲ਼ ਰਿਹਾ ?**

ੳ. ਪਿਤਾ ਕੋਲ਼　　ਅ. ਦਾਦੇ ਕੋਲ਼

ੲ. ਚਾਚੇ ਕੋਲ਼　　ਸ. ਉਪਰੋਕਤ ਸਾਰੇ।

## ਪਾਠ-16 (ਤ੍ਰਿਲੋਚਨ ਦਾ ਕੱਦ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਠਿਗਣੇ, ਮਰੀਅਲ, ਤ੍ਰਿਲੋਚਨ ਮਾਲੀ ਤੋਂ ਅਸੀਂ ਬੜੇ ਅਵਾਜ਼ਾਰ ਸਾਂ। ਉਹ ਘੁਸਾਈਆਂ ਮਾਰਦਾ ਰਹਿੰਦਾ, ਕੰਮ ਵਿੱਚ ਜਿਵੇਂ ਉਹਦਾ ਮਨ ਹੀ ਨਾ ਲੱਗਦਾ ਹੋਏ। ਜਦੋਂ ਆਉਂਦਾ, ਇੱਧਰ ਬੈਠ ਕੇ ਗੱਪ ਮਾਰਦਾ, ਉੱਧਰ ਬੈਠ ਕੇ ਚਾਹ ਪੀਂਦਾ। ਇਤਨੇ ਵਿੱਚ ਉਹਦੀ ਛੁੱਟੀ ਦਾ ਵੇਲ਼ਾ ਹੋ ਜਾਂਦਾ। ਕਈ ਵਾਰ ਅਸੀਂ ਵੇਖਿਆ- ਖੁਰਪੀ ਲੈ ਕੇ ਉਹ ਕਿਆਰੀ ਵਿੱਚ ਅੱਧਾ-ਪੌਣਾ ਘੰਟਾ ਲਾ ਕੇ ਉੱਠਦਾ ਪਰ ਕਿਆਰੀ ਉਂਵ ਦੀ ਉਂਵ ਹੀ ਹੁੰਦੀ। ਦਿੱਲੀ ਦੇ ਇਸ ਘਰ ਦਾ ਸਾਡਾ ਲਾਅਨ ਕੋਈ ਬਹੁਤਾ ਵੱਡਾ ਨਹੀਂ ਸੀ। ਫੁੱਲ-ਬੂਟਿਆਂ ਲਈ ਕਿਆਰੀਆਂ ਦੀ ਥਾਂ ਵੀ ਮਸਾਂ ਗੁਜ਼ਾਰੇ ਜੋਗੀ ਸੀ। ਇਹ ਸੋਚ ਕੇ ਕਿ ਕੰਮ ਤੇ ਕੋਈ ਜ਼ਿਆਦਾ ਨਹੀਂ, ਅਸੀਂ ਤ੍ਰਿਲੋਚਨ ਨੂੰ ਕੇਵਲ ਦੋ ਘੰਟੇ ਫੁੱਲਾਂ ਵਾਲ਼ੇ ਪੌਦਿਆਂ ਦੀ ਬਿਜਾਈ, ਗੁਡਾਈ ਤੇ ਕਟਾਈ ਆਦਿ ਤੇ ਕੰਮ ਕਰਨ ਲਈ ਨੌਕਰ ਰੱਖਿਆ ਸੀ। ਉਹ ਸ਼ਾਮੀਂ ਦੋ ਘੰਟੇ ਸਾਡੇ ਘਰ ਲਾ ਜਾਂਦਾ। ਦਿਨੇ ਕਿਸੇ ਦਫ਼ਤਰ ਵਿੱਚ ਕੰਮ ਕਰਦਾ ਸੀ। ਅਸੀਂ ਸੋਚਿਆ, ਉਹਦੇ ਵੀ ਚਾਰ ਪੈਸੇ ਵਾਧੂ ਬਣ ਜਾਣਗੇ, ਸਾਡਾ ਵੀ ਕੰਮ ਤੁਰ ਜਾਵੇਗਾ।

**1. ਤ੍ਰਿਲੋਚਨ ਮਾਲੀ ਦਾ ਕੱਦ ਕਿਹੋ-ਜਿਹਾ ਸੀ?**

ੳ. ਠਿਗਣਾ　　ਅ. ਮਰੀਅਲ

ੲ. ਅਵਾਜ਼ਾਰ　　ਸ. ੳ ਅਤੇ ਅ ਦੋਵੇਂ।

**2. ਤ੍ਰਿਲੋਚਨ ਮਾਲੀ ਕੰਮ ਦੇ ਸਮੇਂ ਕੀ ਕਰਦਾ ਸੀ?**

ੳ. ਘੁਸਾਈਆਂ ਮਾਰਦਾ ਰਹਿੰਦਾ　　ਅ. ਗੱਪਾਂ ਮਾਰਦਾ

ੲ. ਬੈਠ ਕੇ ਚਾਹ ਪੀਂਦਾ　　ਸ. ਉਪਰੋਕਤ ਸਾਰੇ।

**3. ਦਿੱਲੀ ਵਾਲ਼ੇ ਘਰ ਦਾ ਲਾਅਨ ਕਿਹੋ-ਜਿਹਾ ਸੀ?**

ੳ. ਵੱਡਾ ਨਹੀਂ ਸੀ　　ਅ. ਬਹੁਤ ਵੱਡਾ ਸੀ

ੲ. ਮਸਾਂ ਗੁਜ਼ਾਰੇ ਜੋਗਾ　　ਸ. ਫੁੱਲ-ਬੂਟੇ ਲਾਉਣ ਜੋਗਾ।

**4. ਤ੍ਰਿਲੋਚਨ ਨੂੰ ਲੇਖਕ ਨੇ ਦੋ ਘੰਟਿਆਂ ਲਈ ਕਿਉਂ ਰੱਖਿਆ ਸੀ?**

ੳ. ਫੁੱਲਾਂ, ਪੌਦਿਆਂ ਦੀ ਬਿਜਾਈ ਲਈ
ਅ. ਕਟਾਈ ਲਈ
ੲ. ਗੁਡਾਈ ਲਈ
ਸ. ਉਪਰੋਕਤ ਸਾਰੇ।

**5. ਮਾਲੀ ਨੂੰ ਕਿੰਨੇ ਸਮੇਂ ਦੇ ਕੰਮ ਲਈ ਰੱਖਿਆ ਗਿਆ ਸੀ?**
ੳ. ਦੋ ਘੰਟੇ
ਅ. ਅੱਧੇ-ਪੌਣੇ ਘੰਟੇ ਲਈ
ੲ. ਚਾਰ ਘੰਟੇ ਲਈ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

## ਪਾਠ-17 (ਲਾਲਾ ਲਾਜਪਤ ਰਾਏ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਹਿੰਦੁਸਤਾਨ ਨੂੰ ਬਾਹਰਲੀ ਦੁਨੀਆ ਵਿੱਚ ਭੰਡਣ ਲਈ ਮਿਸ ਮਿਓ ਨਾਂ ਦੀ ਇੱਕ ਔਰਤ ਨੇ 'ਭਾਰਤ ਮਾਤਾ' ਨਾਂ ਦੀ ਕਿਤਾਬ ਲਿਖੀ, ਜਿਸ ਦਾ ਕਰਾਰਾ ਅਤੇ ਦਲੀਲਾਂ ਭਰਿਆ ਜਵਾਬ ਲਾਲਾ ਜੀ ਨੇ 'ਦੁਖੀ ਭਾਰਤ' ਲਿਖ ਕੇ ਦਿੱਤਾ। 'ਭਾਰਤ ਮਾਤਾ' ਵਿੱਚ ਮਿਸ ਮਿਓ ਨੇ ਹਿੰਦੁਸਤਾਨ ਦੇ ਭੈੜੇ ਰਸਮ-ਰਿਵਾਜ, ਬੁਰਾਈਆਂ ਤੇ ਕੋਝ ਫਰੋਲ਼ੇ ਅਤੇ ਇਹਨਾਂ ਨੂੰ ਪੱਛਮੀ ਦੇਸਾਂ ਵਿੱਚ ਧੁੰਮਾਇਆ। ਲਾਲਾ ਜੀ ਨੇ ਇਸ ਕਿਤਾਬ ਬਾਰੇ ਆਖਿਆ, "ਮਿਸ ਮਿਓ ਨੇ ਕਿਸੇ ਭੰਡਣ ਵਾਂਗ ਸਾਡੇ ਮੁਲਕ ਦੀਆਂ ਨਾਲ਼ੀਆਂ ਦਾ ਗੰਦ ਫਰੋਲ਼ਿਆ ਹੈ।" ਲਾਲਾ ਜੀ ਵੱਲੋਂ ਇਹ ਮਿਸ ਮਿਓ ਦੇ ਮੂੰਹ ਉੱਤੇ ਚਪੇੜ ਸੀ। ਲਾਲਾ ਜੀ ਨੇ ਆਪਣੀਆਂ ਕਿਤਾਬਾਂ ਤੇ ਵਕਾਲਤ ਦੀ ਸਾਰੀ ਆਮਦਨ ਦਾਨ ਕਰ ਕੇ ਆਪਣੇ ਦੋਸਤ ਦਵਾਰਕਾ ਦਾਸ ਜੋ ਅੰਬਾਲੇ ਵਿੱਚ ਵਕੀਲ ਸਨ, ਦੇ ਨਾਂ 'ਤੇ 'ਦਵਾਰਕਾ ਦਾਸ ਲਾਇਬ੍ਰੇਰੀ' ਕਾਇਮ ਕੀਤੀ।

**1. 'ਭਾਰਤ ਮਾਤਾ' ਨਾਂ ਦੀ ਕਿਤਾਬ ਕਿਸ ਨੇ ਲਿਖੀ?**
ੳ. ਲਾਲਾ ਜੀ
ਅ. ਮਿਸ ਮਿਓ
ੲ. ਦਵਾਰਕਾ ਦਾਸ ਜੀ ਨੇ
ਸ. ਵਕੀਲ ਨੇ।

**2. ਲਾਲਾ ਜੀ ਨੇ ਕਿਸ ਦੇ ਨਾਂ ਤੇ ਲਾਇਬ੍ਰੇਰੀ ਖੋਲ੍ਹੀ ਸੀ?**
ੳ. ਦਵਾਰਕਾ ਦਾਸ
ਅ. ਲਾਲਾ ਲਾਜਪਤ ਰਾਏ
ੲ. ਮਿਸ ਮਿਓ
ਸ. ਭਾਰਤ ਮਾਤਾ।

**3. ਲਾਲਾ ਜੀ ਨੇ ਭੰਡਣ ਕਿਸ ਨੂੰ ਕਿਹਾ?**
ੳ. ਬਾਹਰਲੀ ਦੁਨੀਆ ਨੂੰ
ਅ. ਵਕੀਲ ਨੂੰ
ੲ. ਮਿਸ ਮਿਓ ਨੂੰ
ਸ. ਦਵਾਰਕਾ ਦਾਸ ਨੂੰ।

**4. ਮਿਸ ਮਿਓ ਨੇ 'ਭਾਰਤ ਮਾਤਾ' ਕਿਤਾਬ ਕਿਉਂ ਲਿਖੀ?**
ੳ. ਹਿੰਦੁਸਤਾਨ ਦੀ ਪ੍ਰਸੰਸਾ ਕਰਨ ਲਈ
ਅ. ਹਿੰਦੁਸਤਾਨ ਨੂੰ ਭੰਡਣ ਲਈ
ੲ. ਲਾਲਾ ਜੀ ਨੂੰ ਭੰਡਣ ਲਈ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

**5. ਮਿਸ ਮਿਓ ਦੀ ਕਿਤਾਬ ਦਾ ਜਵਾਬ ਦੇਣ ਲਈ ਲਾਲਾ ਜੀ ਨੇ ਕੀ ਕੀਤਾ?**
ੳ. ਲਾਇਬ੍ਰੇਰੀ ਕਾਇਮ ਕੀਤੀ
ਅ. 'ਭਾਰਤ ਮਾਤਾ' ਨਾਮ ਦੀ ਕਿਤਾਬ ਲਿਖੀ
ੲ. 'ਦੁਖੀ ਭਾਰਤ' ਨਾਮ ਦੀ ਕਿਤਾਬ ਲਿਖੀ
ਸ. ਮਿਸ ਮਿਓ ਦੇ ਮੂੰਹ ਉੱਤੇ ਚਪੇੜ ਮਾਰੀ।

## ਪਾਠ-18 (ਗਿਠਮੁਠੀਆਂ ਵਾ਼ਲਾ ਖੂਹ)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਚਾਹ ਦਾ ਲੰਮਾ ਘੁੱਟ ਭਰ ਕੇ ਮਿਸਤਰੀ ਮਾਹਣਾ ਸਿੰਘ ਬੋਲਿਆ, "ਸਾਡੇ ਖ਼ਾਨਦਾਨ ਦਾ ਤਾਂ ਵਾਹ-ਵਾਸਤਾ ਹੀ ਖੂਹਾਂ ਦੇ ਕੰਮਾਂ ਨਾਲ਼ ਰਿਹੈ। ਮੇਰਾ ਬਾਪੂ ਦੱਸਦਾ ਹੁੰਦਾ ਸੀ ਕਿ ਉਹਦੇ ਬਾਬੇ ਨੇ ਗਿਠਮੁਠੀਆਂ ਨਾਲ਼ ਗੱਲਾਂ ਵੀ ਕੀਤੀਆਂ ਸਨ। ਵੇਖ ਲਿਓ ਭਾਵੇਂ, ਇਸ ਖੂਹ ਵਿੱਚੋਂ ਵੀ ਗਿਠਮੁਠੀਏ ਨਿਕਲ਼ ਆਉਣੇ ਨੇ।" ਹਜ਼ੂਰਾ ਸਿੰਘ ਉੱਠ ਕੇ ਖਲੋ ਗਿਆ, "ਚੱਲੋ ਭਰਾਵੋ! ਉੱਠੋ ਹੁਣ ਗੱਲਾਂ ਵਿੱਚ ਹੀ ਨਾ ਲੱਗੇ ਰਹੀਏ। ਚੱਕ ਨੂੰ ਖੂਹ ਵਿੱਚ ਉਤਾਰਨ ਦੀ ਤਿਆਰੀ ਕਰੀਏ।" ਉਹ ਸਾਰੇ ਉੱਠ ਕੇ ਖੂਹ

ਉੱਤੇ ਆ ਗਏ। ਬੀਰ੍ਹੇ ਦੀ ਗਿਠਮੁਠੀਏ ਵੇਖਣ ਦੀ ਜਿਗਿਆਸਾ ਹੋਰ ਵਧ ਗਈ। ਮਿਸਤਰੀ ਖੂਹ ਵਿੱਚ ਵੜ ਗਏ ਤੇ ਚੱਕ ਦੇ ਹੇਠਾਂ ਇੱਟਾਂ, ਰੋੜੇ ਰੱਖ ਕੇ ਧਰਾਤਲ ਠੀਕ ਕਰਨ ਲੱਗ ਪਏ। "ਹੁਣ ਚੱਕ ਬਿਲਕੁਲ ਪੱਧਰ ਉੱਤੇ ਐ," ਮਿਸਤਰੀ ਮਾਹਣਾ ਸਿੰਘ ਨੇ ਦੱਸਿਆ। ਆਖ਼ਰਕਾਰ ਕੁਝ ਦਿਨਾਂ ਵਿੱਚ ਚਿਣਾਈ ਪੂਰੀ ਹੋ ਗਈ। ਕਾਰ-ਸੇਵਾ ਵਾਲ਼ਿਆਂ ਨੇ ਗਾਰ ਕੱਢ-ਕੱਢ ਕੇ ਖੂਹ ਵੀ ਬਹੁਤ ਡੂੰਘਾ ਕਰ ਦਿੱਤਾ। ਪਾਣੀ ਹੌਲ਼ੀ-ਹੌਲ਼ੀ ਖੂਹ ਵਿੱਚ ਭਰਨਾ ਸ਼ੁਰੂ ਹੋ ਗਿਆ। ਮਿਸਤਰੀਆਂ ਨੇ ਖੂਹ ਦੀ ਚਿਣਾਈ ਵੇਲ਼ੇ ਵਿੱਚ-ਵਿੱਚ ਮੋਰੀਆਂ ਵੀ ਰੱਖ ਦਿੱਤੀਆਂ ਸਨ। ਉਹਨਾਂ ਮੋਰੀਆਂ ਵਿੱਚੋਂ ਵੀ ਪਾਣੀ ਸਿੰਮਣ ਲੱਗ ਪਿਆ।

1. **ਮਿਸਤਰੀ ਮਾਹਣਾ ਸਿੰਘ ਦੇ ਖ਼ਾਨਦਾਨ ਦਾ ਵਾਹ-ਵਾਸਤਾ ਕਿਸ ਨਾਲ਼ ਹੈ?**
   ੳ. ਗਿਠਮੁਠੀਆਂ ਨਾਲ਼ — ਅ. ਚੱਕ ਨਾਲ਼
   ੲ. ਖੂਹਾਂ ਦੇ ਕੰਮ ਨਾਲ਼ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
2. **ਬੀਰੇ ਦੀ ਕੀ ਵੇਖਣ ਦੀ ਜਗਿਆਸਾ ਵਧ ਗਈ?**
   ੳ. ਚੱਕ ਵੇਖਣ ਦੀ — ਅ. ਖੂਹ ਵੇਖਣ ਦੀ
   ੲ. ਗਿਠਮੁਠੀਆ ਵੇਖਣ ਦੀ — ਸ. ਪਿੰਡ ਵੇਖਣ ਦੀ।
3. **ਮਿਸਤਰੀ ਦਾ ਕੀ ਨਾਂ ਸੀ?**
   ੳ. ਹਜੂਰਾ ਸਿੰਘ — ਅ. ਮਾਹਣਾ ਸਿੰਘ
   ੲ. ਬੀਰ੍ਹਾ — ਸ. ਉਪਰੋਕਤ ਵਿੱਚੋਂ ਕੋਈ ਨਹੀਂ।
4. **ਹੌਲ਼ੀ-ਹੌਲ਼ੀ ਖੂਹ ਕਿਸ ਨਾਲ਼ ਭਰਨਾ ਸ਼ੁਰੂ ਹੋ ਗਿਆ?**
   ੳ. ਪਾਣੀ — ਅ. ਇੱਟਾਂ
   ੲ. ਮਿੱਟੀ — ਸ. ਰੋੜ।
5. **ਮੋਰੀਆਂ ਵਿੱਚੋਂ ਪਾਣੀ ਸਿੰਮਣ ਲੱਗ ਪਿਆ। 'ਸਿੰਮਣ' ਸ਼ਬਦ ਦੇ ਕੀ ਅਰਥ ਹਨ।**
   ੳ. ਰੋੜੇ — ਅ. ਮਿੱਟੀ
   ੲ. ਇੱਟਾਂ — ਸ. ਰਿਸਣਾ।

## ਪਾਠ 20 (ਸੱਤ ਡਾਕਟਰ)

### ➢ ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਸੁਖਜੋਤ ਨੂੰ ਉਸ ਦਿਨ ਇਹ ਗੱਲ ਸਮਝ ਨਹੀਂ ਸੀ ਆਈ। ਟੈਲੀਵੀਜ਼ਨ ਦੇਖ ਕੇ ਹੁਣ ਉਸ ਨੂੰ ਉਸ ਗੱਲ ਦੇ ਪੂਰੇ ਅਰਥ ਸਮਝ ਆ ਗਏ। ਟੈਲੀਵੀਜ਼ਨ ਵਾਲ਼ਾ ਆਦਮੀ ਤਾਂ ਹੁਣ ਹੋਰ ਵੀ ਡਰਾਉਣੀ ਗੱਲ ਦੱਸ ਰਿਹਾ ਸੀ ਕਿ ਜੇ ਮਨੁੱਖ ਨੇ ਧਰਤੀ ਦਾ ਗਰਮ ਹੋਣਾ ਨਾ ਰੋਕਿਆ ਤਾਂ ਧਰੁਵਾਂ ਦੀ ਬਰਫ਼ ਪੱਘਰਨ ਲੱਗੇਗੀ। ਸਮੁੰਦਰਾਂ ਵਿੱਚ ਪਾਣੀ ਉੱਚਾ ਹੋ ਜਾਵੇਗਾ। ਸ਼ਹਿਰ ਤੇ ਪਿੰਡ ਡੁੱਬਣ ਲੱਗਣਗੇ।ਇਉਂ ਧਰਤੀ ਦੇ ਮਨੁੱਖਾਂ ਅਤੇ ਹੋਰ ਜੀਵ-ਜੰਤੂਆਂ ਦੇ ਅੰਤ ਦਾ ਮੁੱਢ ਬੱਝ ਜਾਵੇਗਾ। ਅੰਤ ਵਿੱਚ ਉਸ ਆਦਮੀ ਨੇ ਆਖਿਆ ਕਿ ਸਭ ਮਨੁੱਖਾਂ ਨੂੰ ਇਹੋ-ਜਿਹੇ ਹਾਲਾਤ ਰੋਕਣ ਲਈ ਜਤਨ ਕਰਨੇ ਚਾਹੀਦੇ ਹਨ। ਸੁਖਜੋਤ ਨੂੰ ਬਹੁਤ ਡਰ ਲੱਗਿਆ। ਕੀ ਉਨ੍ਹਾਂ ਦਾ ਪਿੰਡ ਵੀ ਡੁੱਬ ਜਾਵੇਗਾ? ਫੇਰ ਉਸ ਆਦਮੀ ਨੇ ਇੱਕ ਅਜਿਹੀ ਗੱਲ ਕਹੀ, ਜਿਵੇਂ ਉਹ ਸੁਖਜੋਤ ਦਾ ਡਰ ਜਾਣ ਗਿਆ ਹੋਵੇ। ਉਹ ਬੋਲਿਆ, "ਡਰਨ ਨਾਲ਼ ਕੁਝ ਨਹੀਂ ਸੌਰਨਾ। ਹਿੰਮਤ ਕਰਨ ਦੀ ਲੋੜ ਹੈ। ਇੰਜਣਾਂ ਤੇ ਕਾਰਖ਼ਾਨਿਆਂ ਆਦਿ ਦੀਆਂ ਗੱਲਾਂ ਤਾਂ ਆਮ ਆਦਮੀ ਦੇ ਵੱਸ ਵਿੱਚ ਨਹੀਂ। ਬਿਰਖ ਲਾਉਣੇ ਤਾਂ ਹਰ ਕਿਸੇ ਲਈ ਸੰਭਵ ਹਨ।" ਸੁਖਜੋਤ ਦਾ ਧਿਆਨ ਖੇਤ ਵਾਲ਼ੇ ਨਿੰਮ ਵੱਲ ਚਲਿਆ ਗਿਆ। ਪੱਕ ਕੇ ਡਿਗੀਆਂ ਉਹਦੀਆਂ ਨਿਮੋਲ਼ੀਆਂ ਮੀਂਹ ਦੀ ਰੁੱਤ ਆਉਣ ਨਾਲ਼ ਉੱਗ ਪਈਆਂ ਸਨ। ਹੁਣ ਨਿੰਮ ਹੇਠ ਕਿੰਨੇ ਹੀ ਛੋਟੇ-ਛੋਟੇ ਨਿੰਮ ਉੱਗੇ ਹੋਏ ਸਨ। ਇਹ ਹਰ ਸਾਲ ਹੀ ਉੱਗਦੇ ਸਨ ਤੇ ਹਰ ਸਾਲ ਹੀ ਮਰ-ਮੁੱਕ ਜਾਂਦੇ ਸਨ।

1. **ਜੇਕਰ ਮਨੁੱਖ ਨੇ ਧਰਤੀ ਦਾ ਗਰਮ ਹੋਣਾ ਨਾ ਰੋਕਿਆ ਤਾਂ ਕੀ ਹੋਵੇਗਾ?**
   ੳ. ਧਰੁਵਾਂ ਦੀ ਬਰਫ਼ ਪੱਘਰਨ ਲੱਗੇਗੀ — ਅ. ਸਮੁੰਦਰਾਂ ਵਿੱਚ ਪਾਣੀ ਉੱਚਾ ਹੋ ਜਾਵੇਗਾ
   ੲ. ਸ਼ਹਿਰ ਡੁੱਬਣ ਲੱਗਣਗੇ — ਸ. ਉਪਰੋਕਤ ਸਾਰੇ।
2. **ਪੈਰੇ ਅਨੁਸਾਰ ਕੀ ਕਰਨ ਦੀ ਲੋੜ ਹੈ?**

ੳ. ਹੌਸਲਾ　　　　ਅ. ਹਿੰਮਤ
ੲ. ਜਤਨ　　　　ਸ. ਧਿਆਨ।

3. **ਸੁਖਜੋਤ ਦਾ ਧਿਆਨ ਕਿਸ ਵੱਲ ਗਿਆ?**
ੳ. ਖੇਤ　　　　ਅ. ਨਿੰਮ
ੲ. ਖੇਤ ਵਾਲ਼ੇ ਨਿੰਮ　　　　ਸ. ਨਿਮੋਲ਼ੀਆਂ।

4. **ਪੱਕ ਕੇ ਡਿੱਗੀਆਂ ਨਿਮੋਲ਼ੀਆਂ ਕਿਵੇਂ ਉੱਗ ਪਈਆਂ ਸਨ?**
ੳ. ਪਾਣੀ ਨਾਲ਼　　　　ਅ. ਮੀਂਹ ਦੀ ਰੁੱਤ ਵਿੱਚ
ੲ. ਗੱਲਾਂ ਨਾਲ਼　　　　ਸ. ਅ ਅਤੇ ੲ ਦੋਵੇਂ।

5. **ਨਿੰਮ ਹੇਠ ਛੋਟੇ-ਛੋਟੇ ਕੀ ਉੱਗੇ ਹੋਏ ਸਨ?**
ੳ. ਨਿਮੋਲ਼ੀਆਂ　　　　ਅ. ਜੀਵ-ਜੰਤੂ
ੲ. ਬਿਰਖ　　　　ਸ. ਨਿੰਮ।

## ਪਾਠ-21 (ਪੁਲਾੜ-ਪਰੀ : ਸੁਨੀਤਾ ਵਿਲੀਅਮਜ਼)

➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਸਕੂਲ ਦਾ ਕੰਮ ਕਰਨ ਤੋਂ ਬਾਅਦ ਤਿੰਨੇ ਭੈਣ-ਭਰਾ ਟ੍ਰੈਕਿੰਗ ਦਾ ਅਭਿਆਸ ਕਰਦੇ। ਉਹਨਾਂ ਦੀ ਮਾਂ ਉਹਨਾਂ ਨੂੰ ਤਰਦਿਆਂ ਵੇਖਦੀ ਰਹਿੰਦੀ ਜਾਂ ਸਿਲਾਈ-ਕਢਾਈ ਕਰਦੀ ਰਹਿੰਦੀ। ਹਰ ਛੁੱਟੀ ਦੇ ਦਿਨ ਇਹ ਪਰਿਵਾਰ ਖੁੱਲ੍ਹੇ ਮੈਦਾਨਾਂ, ਦਰਿਆਵਾਂ, ਝੀਲਾਂ, ਪਹਾੜਾਂ ਜਾਂ ਸਾਗਰਾਂ ਵੱਲ ਸੈਰ-ਸਪਾਟੇ ਲਈ ਨਿਕਲ਼ ਜਾਂਦਾ ਅਤੇ ਪ੍ਰਕਿਰਤੀ ਦੇ ਨਜ਼ਾਰੇ ਮਾਣਦਾ। ਇਸ ਕਿਸਮ ਦੇ ਜੀਵਨ ਨੇ ਸੁਨੀਤਾ ਨੂੰ ਛੋਟੀ ਉਮਰ ਵਿੱਚ ਹੀ ਚੰਗੀ ਸਿਹਤ ਤੇ ਔਖ-ਸੌਖ ਝਾਗਣ ਦੀ ਟ੍ਰੇਨਿੰਗ ਦੇ ਦਿੱਤੀ। ਉਹ ਸਿਰਫ਼ ਗਿਆਰਾਂ ਸਾਲ ਦੀ ਸੀ ਜਦੋਂ ਉਸ ਨੇ ਬੋਸਟਨ ਹਾਰਬਰ ਮੈਰਾਥਨ ਤੈਰਾਕੀ ਮੁਕਾਬਲੇ ਵਿੱਚ ਹਿੱਸਾ ਲਿਆ। ਸ਼ੁਰੂ ਤੋਂ ਹੀ ਸੁਨੀਤਾ ਨਿਮਰਤਾ ਵਾਲ਼ੀ ਕੁੜੀ ਸੀ। ਉਹ ਆਪਣੀਆਂ ਪ੍ਰਾਪਤੀਆਂ ਬਾਰੇ ਰੌਲ਼ਾ ਨਹੀਂ ਸੀ ਪਾਉਂਦੀ। ਉਹ ਛੇ ਸਾਲ ਦੀ ਸੀ ਜਦ ਸਾਰਾ ਪਰਿਵਾਰ ਕੈਂਪ ਲਾਈ ਪਿਕਨਿਕ ਮਨਾ ਰਿਹਾ ਸੀ। ਸੁਨੀਤਾ ਆਪਣੀਆਂ ਸਹੇਲੀਆਂ ਨਾਲ਼ ਤੈਰਾਕੀ ਪ੍ਰਤੀਯੋਗਤਾ ਉੱਤੇ ਗਈ ਹੋਈ ਸੀ।

1. **ਸਕੂਲ ਦਾ ਕੰਮ ਕਰਨ ਤੋਂ ਬਾਅਦ ਤਿੰਨੇ ਭੈਣ-ਭਰਾ ਕਿਸ ਦਾ ਅਭਿਆਸ ਕਰਦੇ ਸਨ?**
ੳ. ਟ੍ਰੈਕਿੰਗ　　　　ਅ. ਸਿਲਾਈ-ਕਢਾਈ
ੲ. ਮੈਰਾਥਨ　　　　ਸ. ਪਿਕਨਿਕ।

2. **ਸੁਨੀਤਾ ਦਾ ਪਰਿਵਾਰ ਸੈਰ-ਸਪਾਟੇ ਲਈ ਕਿੱਥੇ ਜਾਂਦਾ ਸੀ?**
ੳ. ਖੁੱਲ੍ਹੇ ਮੈਦਾਨ ਵੱਲ　　　　ਅ. ਦਰਿਆਵਾਂ ਵੱਲ
ੲ. ਝੀਲਾਂ ਵੱਲ　　　　ਸ. ਉਪਰੋਕਤ ਸਾਰੇ।

3. **ਗਿਆਰਾਂ ਸਾਲ ਦੀ ਉਮਰ ਵਿੱਚ ਸੁਨੀਤਾ ਨੇ ਕਿਸ ਮੁਕਾਬਲੇ ਵਿੱਚ ਹਿੱਸਾ ਲਿਆ?**
ੳ. ਟ੍ਰੇਨਿੰਗ　　　　ਅ. ਹਾਰਬਰ ਮੈਰਾਥਨ ਤਰਾਕੀ
ੲ. ਸਿਲਾਈ-ਕਢਾਈ　　　　ਸ. ਸੈਰ ਸਪਾਟਾ।

4. **ਸੁਨੀਤਾ ਕਿਹੋ-ਜਿਹੀ ਕੁੜੀ ਸੀ?**
ੳ. ਰੌਲ਼ੇ ਵਾਲ਼ੀ　　　　ਅ. ਨਿਮਰਤਾ ਵਾਲ਼ੀ
ੲ. ਸਕੂਲ ਦਾ ਕੰਮ ਨਾ ਕਰਨ ਵਾਲ਼ੀ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

5. **ਜਦੋਂ ਸਾਰਾ ਪਰਿਵਾਰ ਪਿਕਨਿਕ ਮਨਾ ਰਿਹਾ ਸੀ, ਤਦ ਸੁਨੀਤਾ ਕਿੱਥੇ ਸੀ?**
ੳ. ਪਹਾੜਾਂ 'ਤੇ　　　　ਅ. ਝੀਲਾਂ 'ਤੇ
ੲ. ਪ੍ਰਤੀਯੋਗਤਾ 'ਤੇ　　　　ਸ. ਅਭਿਆਸ 'ਤੇ।

## ਪਾਠ-22 (ਵਿਰਾਸਤ-ਏ-ਖ਼ਾਲਸਾ)

> ➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਦੀ ਯੋਗ ਅਗਵਾਈ 'ਚ ਸਥਾਪਿਤ ਕੀਤੇ ਗਏ ਵਿਰਾਸਤ-ਏ-ਖ਼ਾਲਸਾ ਅੰਦਰ ਦਾਖ਼ਲ ਹੋਣ ਲਈ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲ਼ੇ ਪਾਸੇ ਅਤੇ ਭਵਨ ਦੇ ਅੰਦਰ ਪਾਰਕਿੰਗ ਵਾਲ਼ੀ ਥਾਂ ਦੇ ਨਜ਼ਦੀਕ ਪਾਸ ਜਾਰੀ ਕਰਨ ਲਈ ਕਾਊਂਟਰ ਖੋਲ੍ਹੇ ਗਏ ਹਨ। ਸਵੇਰੇ 8 ਵਜੇ ਤੋਂ ਲੈ ਕੇ ਸ਼ਾਮੀਂ 8 ਵਜੇ ਤੱਕ ਵੇਖਣ ਵਾਲ਼ਿਆਂ ਲਈ ਦੋਂਹਾਂ ਪਾਸਿਆਂ ਤੋਂ ਨਿਰਵਿਘਨ ਪਾਸ ਜਾਰੀ ਕੀਤੇ ਜਾਂਦੇ ਹਨ।ਇੱਕ ਪਾਸ ਰਾਹੀਂ ਇੱਕੋ ਸਮੇਂ 10 ਦਰਸ਼ਕ ਕੇਵਲ 2 ਘੰਟਿਆਂ ਲਈ ਅੰਦਰ ਜਾ ਸਕਦੇ ਹਨ।ਰੋਜ਼ਾਨਾ ਲਗ-ਪਗ 7 ਹਜ਼ਾਰ ਤੋਂ 8 ਹਜ਼ਾਰ ਦੀ ਗਿਣਤੀ ਵਿੱਚ ਦਰਸ਼ਕ ਇੱਥੇ ਪਹੁੰਚਦੇ ਹਨ। ਹਰੇਕ ਸਾਲ ਲੱਖਾਂ ਦੀ ਗਿਣਤੀ 'ਚ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀ ਵੀ ਇੱਥੇ ਆਉਂਦੇ ਹਨ।ਇਸ ਨੂੰ ਵੇਖਣ ਲਈ ਹਰ ਇੱਕ ਮਿੰਟ ਬਾਅਦ 10 ਸੈਲਾਨੀਆਂ ਨੂੰ ਅੰਦਰ ਭੇਜਿਆ ਜਾਂਦਾ ਹੈ ਤਾਂ ਜੋ ਉਹ ਇਸ ਨੂੰ ਸਹੀ ਢੰਗ ਨਾਲ਼ ਆਡੀਓ-ਨੈਰੇਟਿਵ ਤਕਨੀਕ ਰਾਹੀਂ ਵੇਖ ਸਕਣ। ਵਿਰਾਸਤ-ਏ-ਖ਼ਾਲਸਾ ਹਰੇਕ ਸੋਮਵਾਰ ਤੋਂ ਬਿਨਾਂ ਹਫ਼ਤੇ ਦੇ ਬਾਕੀ 6 ਦਿਨ ਖੁੱਲ੍ਹਾ ਰਹਿੰਦਾ ਹੈ। ਇਸ ਤੋਂ ਬਿਨਾਂ ਰਾਸ਼ਟਰੀ ਅਜਾਇਬ ਘਰਾਂ ਦੀ ਤਰਜ਼ 'ਤੇ ਇੱਥੇ ਗਣਤੰਤਰਤਾ ਦਿਵਸ, ਸੁਤੰਤਰਤਾ ਦਿਵਸ, ਗਾਂਧੀ-ਜਯੰਤੀ, ਦਸਹਿਰੇ ਅਤੇ ਦਿਵਾਲ਼ੀ ਦੇ ਮੌਕੇ 'ਤੇ ਛੁੱਟੀ ਰਹਿੰਦੀ ਹੈ।

**1. ਵਿਰਾਸਤ-ਏ-ਖ਼ਾਲਸਾ ਕਿਸ ਦੀ ਯੋਗ ਅਗਵਾਈ 'ਚ ਸਥਾਪਿਤ ਕੀਤਾ ਗਿਆ ਹੈ?**

ੳ. ਪੰਜਾਬ ਸਰਕਾਰ — ਅ. ਸ੍ਰੀ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ

ੲ. ਕਿਲ੍ਹਾ ਅਨੰਦਗੜ੍ਹ — ਸ. ਵਿਰਾਸਤ-ਏ-ਖ਼ਾਲਸਾ।

**2. ਪਾਸ ਕਿੱਥੇ ਜਾਰੀ ਹੁੰਦੇ ਹਨ?**

ੳ. ਪਾਰਕਿੰਗ ਵਿੱਚ — ਅ. ਭਵਨ ਵਿੱਚ

ੲ. ਪਾਰਕਿੰਗ ਦੇ ਨੇੜੇ — ਸ. ਕਿਲ੍ਹੇ ਵਿੱਚ।

**3. ਇੱਕ ਪਾਸ ਰਾਹੀਂ ਕਿੰਨੇ ਦਰਸ਼ਕ ਅੰਦਰ ਜਾ ਸਕਦੇ ਹਨ?**

ੳ. 10 — ਅ. 8

ੲ. 2 — ਸ. 7.

**4. ਦਰਸ਼ਕ ਕੀ ਦੇਖਣ ਲਈ ਪਹੁੰਚਦੇ ਹਨ?**

ੳ. ਕਿਲ੍ਹਾ — ਅ. ਭਵਨ

ੲ. ਸ੍ਰੀ ਅਨੰਦਪੁਰ ਸਾਹਿਬ — ਸ. ਵਿਰਾਸਤ-ਏ-ਖ਼ਾਲਸਾ।

**5. ਹਰ ਰੋਜ਼ ਕਿੰਨੀ ਗਿਣਤੀ ਵਿੱਚ ਦਰਸ਼ਕ ਵਿਰਾਸਤ-ਏ-ਖ਼ਾਲਸਾ ਦੇਖਣ ਪਹੁੰਚਦੇ ਹਨ?**

ੳ. 7 ਹਜ਼ਾਰ ਤੋਂ 8 ਹਜ਼ਾਰ — ਅ. 10 ਹਜ਼ਾਰ

ੲ. 2 ਹਜ਼ਾਰ — ਸ. ਲੱਖਾਂ ਦੀ ਗਿਣਤੀ ਵਿੱਚ।

## ਪਾਠ-24 (ਜਾਗੋ)

> ➢ **ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

ਮੈਂ ਅਤੇ ਮੇਰੀ ਭੈਣ ਨਿੱਕੀ ਨੇ ਖਾਰੇ ਚੜ੍ਹਨ ਦੀ ਰਸਮ ਨੂੰ ਵੀ ਬੜੇ ਧਿਆਨ ਅਤੇ ਚਾਅ ਨਾਲ਼ ਵੇਖਿਆ। ਮੇਰੇ ਮਾਤਾ ਜੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵਿਆਹ ਵਾਲ਼ੇ ਮੁੰਡੇ ਨੂੰ ਮਾਈਏਂ ਪਾਉਣ ਦੀ ਰਸਮ ਵੇਲ਼ੇ ਉਸ ਦੇ ਪਿੰਡੇ 'ਤੇ ਹਲਦੀ, ਤੇਲ ਅਤੇ ਵੇਸਣ ਦੇ ਮਿਸ਼ਰਨ ਦਾ ਵਟਣਾ ਮਲ਼ਿਆ ਗਿਆ ਸੀ ਕਿਉਂਕਿ ਇੱਕ ਤਾਂ ਹਲਦੀ, ਤੇਲ ਅਤੇ ਵੇਸਣ ਦਾ ਮਿਸ਼ਰਨ ਪਿੰਡੇ ਉੱਪਰ ਮਲ਼ ਕੇ ਨਹਾਉਣ ਨਾਲ਼ ਪਿੰਡਾ ਨਿੱਖਰ ਆਉਂਦਾ ਹੈ। ਦੂਜਾ, ਵਿਆਹ ਵਾਲ਼ੇ ਮੁੰਡੇ ਜਾਂ ਕੁੜੀ ਨੂੰ ਵਿਆਹ ਦੇ ਅਤਿ ਨੇੜਲੇ ਦਿਨਾਂ ਵਿੱਚ ਘਰੋਂ ਬਾਹਰ ਜਾਣ ਤੋਂ ਰੋਕਿਆ ਜਾਂਦਾ ਹੈ। ਖਾਰੇ ਦੀ ਰਸਮ ਸਮੇਂ ਵਿਆਹ ਵਾਲ਼ੇ ਮੁੰਡੇ ਨੂੰ ਪਟੜੀ 'ਤੇ ਬਿਠਾ ਕੇ ਦਹੀਂ ਨਾਲ਼ ਨੁਹਾਇਆ ਗਿਆ। ਨੁਹਾਉਣ ਸਮੇਂ ਕੁਝ ਔਰਤਾਂ ਨੇ ਸਿਰ ਤੋਂ ਉੱਚੀ ਫੁਲਕਾਰੀ ਤਾਣ ਲਈ ਅਤੇ ਨਾਨਕਿਆਂ ਨੂੰ ਸੰਬੋਧਿਤ ਗੀਤ ਗਾਏ।ਰਾਤ ਦੀ ਰੋਟੀ ਮਗਰੋਂ ਜਾਗੋ ਕੱਢਣ ਦੀ ਤਿਆਰੀ ਸ਼ੁਰੂ ਹੋਈ। ਅਸੀਂ ਦੇਖਿਆ, ਗਾਗਰ ਵਿੱਚ ਥੋੜ੍ਹਾ ਜਿਹਾ ਪਾਣੀ ਭਰ ਕੇ ਉਸ ਦੇ ਮੂੰਹ ਵਾਲ਼ੇ ਪਾਸੇ ਗਲ਼ ਦੇ ਚੁਫੇਰੇ ਗੁੰਨ੍ਹਿਆ ਹੋਇਆ ਆਟਾ ਲਾ ਕੇ ਉੱਤੇ ਥਾਲ਼ੀ

ਟਿਕਾਈ ਗਈ ਜਿਸ ਵਿੱਚ ਦੀਵੇ ਬਾਲ਼ ਕੇ ਰੱਖੇ ਗਏ। ਪਿੱਤਲ਼ ਦੀ ਗਾਗਰ ਦੇ ਗਲ਼ ਤੋਂ ਥੱਲੇ ਚਾਰ-ਚੁਫੇਰੇ ਵਧੇ ਹੋਏ ਪੇਂਦੇ ਦੁਆਲ਼ੇ ਵੀ ਗੁੰਨ੍ਹਿਆ ਆਟਾ ਲਾ ਕੇ ਦੀਵੇ ਟਿਕਾਏ ਗਏ ਜਿਨ੍ਹਾਂ ਵਿੱਚ ਤੇਲ ਪਾ ਕੇ ਜਗਾਇਆ ਗਿਆ। ਇਸ ਸਮੇਂ ਸਭ ਮਾਮੀਆਂ, ਮਾਸੀਆਂ, ਚਾਚੀਆਂ, ਤਾਈਆਂ, ਭੈਣਾਂ ਤੇ ਭਰਜਾਈਆਂ ਇਕੱਠੀਆਂ ਹੋ ਗਈਆਂ।

**1. ਮੈਂ ਅਤੇ ਮੇਰੀ ਭੈਣ ਨੇ ਕਿਹੜੀ ਰਸਮ ਨੂੰ ਬੜੇ ਧਿਆਨ ਨਾਲ਼ ਵੇਖਿਆ?**

ੳ. ਮਾਈਏਂ ਪਾਉਣ ਦੀ — ਅ. ਖਾਰੇ ਚੜ੍ਹਨ ਦੀ

ੲ. ਰਾਤ ਦੀ ਰੋਟੀ ਦੀ — ਸ. ਜਾਗੋ ਦੀ।

**2. ਵਟਣਾ ਕਿਹੜੀ-ਕਿਹੜੀ ਚੀਜ਼ ਦਾ ਮਿਸ਼ਰਨ ਹੁੰਦਾ ਹੈ?**

ੳ. ਹਲ਼ਦੀ — ਅ. ਤੇਲ

ੲ. ੳ ਅਤੇ ਅ ਦੋਵੇਂ — ਸ. ਹਲ਼ਦੀ, ਤੇਲ, ਵੇਸਣ।

**3. ਫੁਲਕਾਰੀ ਤਾਣ ਕੇ ਕਿਨ੍ਹਾਂ ਨੂੰ ਸੰਬੋਧਿਤ ਕਰਕੇ ਗੀਤ ਗਾਏ ਗਏ?**

ੳ. ਨਾਨਕਿਆਂ ਨੂੰ — ਅ. ਚਾਚੀਆਂ ਨੂੰ

ੲ. ਭਰਜਾਈਆਂ ਨੂੰ — ਸ. ਮਾਮੀਆਂ ਨੂੰ।

**4. ਜਾਗੋ ਕੱਢਣ ਦੀ ਤਿਆਰੀ ਕਦੋਂ ਕੀਤੀ ਗਈ ?**

ੳ. ਰਾਤ ਵੇਲ਼ੇ — ਅ. ਵਿਆਹ ਤੋਂ ਕੁਝ ਦਿਨ ਪਹਿਲਾਂ

ੲ. ਰਾਤ ਦੀ ਰੋਟੀ ਮਗਰੋਂ — ਸ. ਖਾਰੇ ਚੜ੍ਹਨ ਸਮੇਂ।

**5. ਜਾਗੋ ਕੱਢਣ ਵੇਲ਼ੇ ਕੌਣ-ਕੌਣ ਇਕੱਠੀਆਂ ਹੋ ਗਈਆਂ ?**

ੳ. ਮਾਮੀਆਂ ਤੇ ਚਾਚੀਆਂ — ਅ. ਤਾਈਆਂ

ੲ. ਭੈਣਾਂ ਤੇ ਭਰਜਾਈਆਂ — ਸ. ਉਪਰੋਕਤ ਸਾਰੇ।

## ਪਾਠ-25 (ਕਿਰਤ ਦਾ ਸਤਿਕਾਰ)

➢ **ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :**

**ਲੜਕਾ :** ਦੇਖ ਲਓ ਜੀ, ਪਾਲਿਸ਼ ਠੀਕ ਹੋ ਗਈ ਕਿ ਹੋਰ ਬੁਰਸ਼ ਮਾਰਾਂ?

**ਇਸਤਰੀ :** ਬਿਲਕੁਲ ਠੀਕ, ਆਹ ਲੈ ਪੰਜਾਹ ਪੈਸੇ।

**ਲੜਕਾ:** ਬਹੁਤ-ਬਹੁਤ ਧੰਨਵਾਦ ।

**ਇਸਤਰੀ :** ਧੰਨਵਾਦ ਕਿਸ ਗੱਲ ਦਾ? ਤੂੰ ਮਿਹਨਤ ਦਾ ਫਲ਼ ਲਿਆ ਏ।

**ਸੇਠ:** ਭੈਣ ਜੀ, ਤੁਸੀਂ ਤਾਂ ਭਾਅ ਈ ਵਿਗਾੜ ਦਿੱਤਾ ਏ। ਮੈਂ ਵੀ ਬੂਟ ਪਾਲਿਸ਼ ਕਰਵਾਉਣੇ ਸਨ।ਚੱਲੋ ਚਾਂਦਨੀ ਚੌਕ ਹੀ ਜਾ ਕੇ ਕਰਵਾਵਾਂਗਾ।

**ਲੜਕਾ :** ਸੇਠ ਜੀ, ਤੁਸੀਂ ਘੱਟ ਪੈਸੇ ਦੇ ਦੇਣੇ।

**ਸੇਠ :** ਅਰੇ, ਪੈਰਾਂ ਨੂੰ ਹੱਥ ਮੱਤ ਲਾ। ਪਾਪ ਚੜ੍ਹਦਾ ਹੈ।

**ਲੜਕਾ :** ਸੇਠ ਜੀ, ਜੋੜੇ ਝਾੜਣ ਨਾਲ਼ ਤਾਂ ਸਗੋਂ ਪਾਪ ਲੱਥਦੇ ਨੇ।

**ਇਸਤਰੀ :** ਮੁੰਡੇ ਨੇ ਬੜੀ ਸਿਆਣੀ ਗੱਲ ਕੀਤੀ ਹੈ। ਹੱਥੀਂ ਕੰਮ ਕਰਨ ਨਾਲ਼ ਹਿਰਦਾ ਸ਼ੁੱਧ ਹੁੰਦਾ ਹੈ।

**ਲੜਕਾ :** ਸੇਠ ਜੀ, ਤੁਸੀਂ ਪੁੰਨ-ਦਾਨ ਕਰਨ ਲੱਗਿਆਂ ਤਾਂ ਸੋਚਦੇ ਨਹੀਂ ਪਰ ਇੱਕ ਮਜ਼ਦੂਰ ਦੀ ਮਿਹਨਤ ਦੇਣ ਤੋਂ ਝਕਦੇ ਹੋ।

**ਸੇਠ:** ਕਿਹੜੇ ਨੰਬਰ ਦੀ ਬੱਸ ਏ?

**ਇਸਤਰੀ :** ਸਤਾਈ ਨੰਬਰ ਦੀ।

**ਸੇਠ:** (ਨਿਰਾਸ ਹੋ ਕੇ) ਪਤਾ ਨਹੀਂ ਤੇਰਾਂ ਨੰਬਰ ਬੱਸ ਆਉਂਦੀ ਵੀ ਏ ਕਿ ਨਹੀਂ!

**ਲੜਕਾ:** ਬੂਟ ਦੇਖ ਲਓ ਜੀ।

**ਕੇਸਰ:** ਵਾਹ! ਖ਼ੂਬ ਚਮਕਾ ਦਿੱਤੇ।

**ਸੇਠ:** (ਬਿਨਾਂ ਦੇਖੇ) ਕਿਸੇ ਕੰਮ ਦੀ ਪਾਲਿਸ਼ ਨਹੀਂ ਕੀਤੀ, ਲੈ ਫੜ ਪੈਸੇ।

**ਲੜਕਾ :** ਸੇਠ ਜੀ! ਸਿਰਫ਼ ਪੰਝੀ ਪੈਸੇ?

**1. ਪੰਜਾਹ ਪੈਸੇ ਬੂਟ ਪਾਲਿਸ਼ ਦੇ ਕਿਸ ਨੇ ਦਿੱਤੇ ?**

ੳ. ਲੜਕੇ ਨੇ — ਅ. ਇਸਤਰੀ ਨੇ

ੲ. ਸੇਠ ਨੇ — ਸ. ਕੇਸਰ ਨੇ।

**2. ਸੇਠ ਕਿੰਨੇ ਨੰਬਰ ਦੀ ਬੱਸ ਦਾ ਇੰਤਜ਼ਾਰ ਕਰ ਰਿਹਾ ਹੈ ?**

ੳ. 13 ਨੰਬਰ — ਅ. 27 ਨੰਬਰ

ੲ. 50 ਨੰਬਰ — ੲ. 25 ਨੰਬਰ।

**3. ਹਿਰਦਾ ਕਿਸ ਚੀਜ਼ ਨਾ਼ਲ ਸ਼ੁੱਧ ਹੁੰਦਾ ਹੈ ?**

ੳ. ਪੁੰਨ ਕਰਨ ਨਾ਼ਲ — ਅ. ਹੱਥੀਂ ਕੰਮ ਕਰਨ ਨਾ਼ਲ

ੲ. ਪਾਪ ਕਰਨ ਨਾ਼ਲ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

**4. ਲੜਕਾ ਕੀ ਕੰਮ ਕਰਦਾ ਹੈ?**

ੳ. ਪੈਰਾਂ ਨੂੰ ਹੱਥ ਲਾਉਂਦਾ ਹੈ — ਅ. ਬੂਟ ਪਾਲਿਸ਼

ੲ. ਜੋੜੇ ਝਾੜਦਾ ਹੈ — ੲ. ਪੁੰਨ-ਦਾਨ।

**5. 'ਕਿਰਤ ਦਾ ਸਤਿਕਾਰ' ਪਾਠ ਕੀ ਹੈ?**

ੳ. ਕਹਾਣੀ — ਅ. ਨਿਬੰਧ

ੲ. ਇਕਾਂਗੀ — ਸ. ਕਵਿਤਾ।

## ਵਿਆਕਰਨ ਭਾਗ

**1. ਨਾਂਵ ਕਿੰਨੀ ਪ੍ਰਕਾਰ ਦੇ ਹਨ?**

ੳ. 2 — ਅ. 3 — ੲ. 5 — ਸ. 4.

**2. 'ਅੰਮ੍ਰਿਤਸਰ' ਕਿਸ ਪ੍ਰਕਾਰ ਦਾ ਨਾਂਵ ਹੈ?**

ੳ. ਆਮ ਨਾਂਵ — ਅ. ਖ਼ਾਸ ਨਾਂਵ

ੲ. ਭਾਵ-ਵਾਚਕ ਨਾਂਵ — ਸ. ਇਕੱਠ-ਵਾਚਕ ਨਾਂਵ।

**3. 'ਸੁਹੱਪਣ' ਕਿਸ ਪ੍ਰਕਾਰ ਦਾ ਨਾਂਵ ਹੈ?**

ੳ. ਵਸਤੂ-ਵਾਚਕ ਨਾਂਵ — ਅ. ਖ਼ਾਸ ਨਾਂਵ

ੲ. ਭਾਵ-ਵਾਚਕ ਨਾਂਵ — ਸ. ਇਕੱਠ-ਵਾਚਕ ਨਾਂਵ।

**4. ਜੋ ਸ਼ਬਦ ਸਮੂਹ ਜਾਤੀ ਲਈ ਵਰਤੇ ਜਾਣ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਆਮ ਨਾਂਵ — ਅ. ਖ਼ਾਸ ਨਾਂਵ

ੲ. ਭਾਵ-ਵਾਚਕ ਨਾਂਵ — ਸ. ਇਕੱਠ-ਵਾਚਕ ਨਾਂਵ।

**5. 'ਨੇਕੀ ਦਾ ਫ਼ਲ ਮਿੱਠਾ ਹੁੰਦਾ ਹੈ।' ਵਾਕ ਵਿੱਚ 'ਨੇਕੀ' ਕੀ ਹੈ?**

ੳ. ਆਮ ਨਾਂਵ — ਅ. ਭਾਵ-ਵਾਚਕ ਨਾਂਵ

ੲ. ਖ਼ਾਸ ਨਾਂਵ　　　　　　　　ਸ. ਇਕੱਠ-ਵਾਚਕ ਨਾਂਵ।

**6. ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?**

ੳ. 4　　ਅ. 6　　ੲ. 5　　ਸ. 3.

**7. ਪੁਰਖ-ਵਾਚਕ ਪੜਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ?**

ੳ. 2　　ਅ. 1　　ੲ. 4　　ਸ. 3.

**8. ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦਿਸਦੀ ਚੀਜ਼ ਵੱਲ ਇਸ਼ਾਰਾ ਕਰ ਕੇ ਉਸ ਬਾਰੇ ਦੱਸਣ, ਉਨ੍ਹਾਂ ਨੂੰ ਕੀ ਕਹਿੰਦੇ ਹਨ?**

ੳ. ਨਿੱਜ-ਵਾਚਕ ਪੜਨਾਂਵ　　　　ਅ. ਪ੍ਰਸ਼ਨ-ਵਾਚਕ ਪੜਨਾਂਵ

ੲ. ਪੁਰਖ-ਵਾਚਕ ਪੜਨਾਂਵ　　　　ਸ. ਨਿਸਚੇ-ਵਾਚਕ ਪੜਨਾਂਵ।

**9. 'ਕੌਣ, ਕਿਹੜਾ' ਕਿਸ ਪ੍ਰਕਾਰ ਦੇ ਪੜਨਾਂਵ ਹੈ?**

ੳ. ਪੁਰਖ-ਵਾਚਕ ਪੜਨਾਂਵ　　　　ਅ. ਨਿਸਚੇ-ਵਾਚਕ ਪੜਨਾਂਵ

ੲ. ਨਿੱਜ-ਵਾਚਕ ਪੜਨਾਂਵ　　　　ਸ. ਪ੍ਰਸ਼ਨ-ਵਾਚਕ ਪੜਨਾਂਵ।

**10. 'ਗ਼ਰੀਬ ਨਾਲ਼ ਕੋਈ-ਕੋਈ ਹਮਦਰਦੀ ਕਰਦਾ ਹੈ।' ਵਾਕ ਵਿੱਚ ਕਿਹੜਾ ਪੜਨਾਂਵ ਹੈ?**

ੳ. ਗ਼ਰੀਬ　　　　ਅ. ਨਾਲ਼

ੲ. ਕੋਈ-ਕੋਈ　　　　ਸ. ਹਮਦਰਦੀ।

**11. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ?**

ੳ. 5　　ਅ. 4　　ੲ. 3　　ਸ. 2.

**12. ਨਾਂਵਾਂ ਨੂੰ ਇਸ਼ਾਰੇ ਨਾਲ਼ ਆਮ ਤੋਂ ਖ਼ਾਸ ਬਣਾਉਣ ਵਾਲ਼ੇ ਵਿਸ਼ੇਸ਼ਣ ਨੂੰ ਕੀ ਕਿਹਾ ਜਾਂਦਾ ਹੈ?**

ੳ. ਗੁਣ-ਵਾਚਕ ਵਿਸ਼ੇਸ਼ਣ　　　　ਅ. ਸੰਖਿਆ-ਵਾਚਕ ਵਿਸ਼ੇਸ਼ਣ

ੲ. ਪੜਨਾਂਵੀਂ ਵਿਸ਼ੇਸ਼ਣ　　　　ਸ. ਨਿਸਚੇ-ਵਾਚਕ ਵਿਸ਼ੇਸ਼ਣ।

**13. 'ਕਮਲ ਇਸ ਸਭਾ ਦਾ ਪੰਜਵਾਂ ਮੈਂਬਰ ਹੈ।' ਇਸ ਵਾਕ ਵਿੱਚ 'ਪੰਜਵਾਂ' ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?**

ੳ. ਪੜਨਾਂਵੀਂ ਵਿਸ਼ੇਸ਼ਣ　　　　ਅ. ਸੰਖਿਆ-ਵਾਚਕ ਵਿਸ਼ੇਸ਼ਣ

ੲ. ਗੁਣ-ਵਾਚਕ ਵਿਸ਼ੇਸ਼ਣ　　　　ਸ. ਨਿਸਚੇ-ਵਾਚਕ ਵਿਸ਼ੇਸ਼ਣ।

**14. 'ਦੁੱਧ ਵਿੱਚ ਥੋੜ੍ਹਾ ਪਾਣੀ ਮਿਲ਼ਾ ਦਿਓ।' ਵਾਕ ਵਿੱਚ 'ਥੋੜ੍ਹਾ' ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?**

ੳ. ਨਿਸਚੇ-ਵਾਚਕ ਵਿਸ਼ੇਸ਼ਣ　　　　ਅ. ਸੰਖਿਆ-ਵਾਚਕ ਵਿਸ਼ੇਸ਼ਣ

ੲ. ਪਰਿਮਾਣ-ਵਾਚਕ ਵਿਸ਼ੇਸ਼ਣ　　　　ਸ. ਪੜਨਾਂਵੀਂ ਵਿਸ਼ੇਸ਼ਣ।

**15. 'ਮੇਰਾ ਕੁੜਤਾ ਹਰੇ ਰੰਗ ਦਾ ਹੈ।' ਵਾਕ ਵਿੱਚ 'ਹਰਾ' ਵਿਸ਼ੇਸ਼ਣ ਦੀ ਕਿਹੜੀ ਕਿਸਮ ਹੈ?**

ੳ. ਗੁਣ-ਵਾਚਕ ਵਿਸ਼ੇਸ਼ਣ　　　　ਅ. ਪੜਨਾਂਵੀਂ ਵਿਸ਼ੇਸ਼ਣ

ੲ. ਪਰਿਮਾਣ-ਵਾਚਕ ਵਿਸ਼ੇਸ਼ਣ　　　　ਸ. ਨਿਸਚੇ-ਵਾਚਕ ਵਿਸ਼ੇਸ਼ਣ।

**16. ਵਿਸਮਿਕ ਕਿੰਨੀ ਪ੍ਰਕਾਰ ਦੇ ਹਨ?**

ੳ. 8　　ਅ. 9　　ੲ. 10　　ਸ. 11.

**17. ਜਿਹੜੇ ਵਿਸਮਿਕ ਤਾੜਨਾ ਜਾਂ ਚੇਤੰਨ ਕਰਨ ਲਈ ਵਰਤੇ ਜਾਣ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਸੰਬੋਧਨੀ ਵਿਸਮਿਕ　　　　ਅ. ਸੂਚਨਾ-ਵਾਚਕ ਵਿਸਮਿਕ

ੲ. ਸਤਿਕਾਰ-ਵਾਚਕ ਵਿਸਮਿਕ　　　　ਸ. ਹੈਰਾਨੀ-ਵਾਚਕ ਵਿਸਮਿਕ।

**18. ਜਿਹੜੇ ਵਿਸਮਿਕ ਮਨ ਦੀ ਇੱਛਿਆ ਪ੍ਰਗਟ ਕਰਨ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?**

ੳ. ਅਸੀਸ-ਵਾਚਕ ਵਿਸਮਿਕ　　　　ਅ. ਫਿਟਕਾਰ-ਵਾਚਕ ਵਿਸਮਿਕ

ੲ. ਇੱਛਾ-ਵਾਚਕ ਵਿਸਮਿਕ　　　　ਸ. ਸ਼ੋਕ-ਵਾਚਕ ਵਿਸਮਿਕ।

**19. ਆਓ ਜੀ! ਜੀ ਆਇਆਂ ਨੂੰ! ਧੰਨ ਭਾਗ! ਕਿਸ ਵਿਸਮਿਕ ਦੀਆਂ ਉਦਾਹਰਨਾਂ ਹਨ?**

ੳ. ਸ਼ੋਕ-ਵਾਚਕ ਵਿਸਮਿਕ ਅ. ਸੰਬੋਧਨੀ ਵਿਸਮਿਕ

ੲ. ਅਸੀਸ-ਵਾਚਕ ਵਿਸਮਿਕ ਸ. ਸਤਿਕਾਰ-ਵਾਚਕ ਵਿਸਮਿਕ।

**20. ਨੀ ਕੁੜੀਏ! ਕਿਸ ਵਿਸਮਿਕ ਦੀ ਉਦਾਹਰਨ ਹੈ?**

ੳ. ਹੈਰਾਨੀ-ਵਾਚਕ ਵਿਸਮਿਕ ਅ. ਸੂਚਨਾ-ਵਾਚਕ ਵਿਸਮਿਕ

ੲ. ਸੰਬੋਧਨੀ ਵਿਸਮਿਕ ਸ. ਫਿਟਕਾਰ-ਵਾਚਕ ਵਿਸਮਿਕ।

**21. ਯੋਜਕ ਕਿੰਨੀ ਪ੍ਰਕਾਰ ਦੇ ਹਨ?**

ੳ. 1 ਅ. 2 ੲ. 3 ਸ. 4.

**22. ਸਮਾਨ ਜਾਂ ਬਰਾਬਰ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜਨ ਵਾਲ਼ੇ ਯੋਜਕ ਨੂੰ ਕੀ ਕਿਹਾ ਜਾਂਦਾ ਹੈ?**

ੳ. ਸਮਾਨ ਯੋਜਕ ਅ. ਅਧੀਨ ਯੋਜਕ

ੲ. ੳ ਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**23. 'ਕਮਲ ਗ਼ਰੀਬ ਹੈ ਪਰ ਬੇਈਮਾਨ ਨਹੀਂ।' ਇਸ ਵਾਕ ਵਿੱਚ 'ਪਰ' ਸ਼ਬਦ ਕਿਹੜਾ ਯੋਜਕ ਹੈ?**

ੳ. ਅਧੀਨ ਯੋਜਕ ਅ. ਸਮਾਨ ਯੋਜਕ

ੲ. ੳ ਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**24. 'ਗੁਰਪ੍ਰੀਤ ਤੇ ਸਿਮਰਨ ਸਕੇ ਭੈਣ-ਭਰਾ ਹਨ।' ਇਸ ਵਾਕ ਵਿੱਚ 'ਤੇ' ਸ਼ਬਦ ਕਿਹੜਾ ਯੋਜਕ ਹੈ?**

ੳ. ਅਧੀਨ ਯੋਜਕ ਅ. ੳ ਤੇ ਅ ਦੋਵੇਂ

ੲ. ਸਮਾਨ ਯੋਜਕ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**25. 'ਤੂੰ ਜਾਵੇਂਗਾ ਤਾਂ ਉਹ ਆਵੇਗਾ।' ਇਸ ਵਾਕ ਵਿੱਚ 'ਤਾਂ' ਸ਼ਬਦ ਕਿਹੜਾ ਯੋਜਕ ਹੈ?**

ੳ. ਅਧੀਨ ਯੋਜਕ ਅ. ਸਮਾਨ ਯੋਜਕ

ੲ. ੳ ਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**26. ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ?**

ੳ. 4 ਅ. 3 ੲ. 2 ਸ. 1.

**27. ਜਿਸ ਵਾਕ ਵਿੱਚ ਕਿਰਿਆ ਦਾ ਕਰਮ ਨਾ ਹੋਵੇ, ਉਸ ਨੂੰ ਕੀ ਕਿਹਾ ਜਾਂਦਾ ਹੈ?**

ੳ. ਅਕਰਮਕ ਕਿਰਿਆ ਅ. ਸਕਰਮਕ ਕਿਰਿਆ

ੲ. ੳ ਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**28. ਜਿਸ ਵਾਕ ਵਿੱਚ ਕਿਰਿਆ ਦਾ ਕਰਮ ਹੋਵੇ, ਉਸ ਨੂੰ ਕੀ ਕਿਹਾ ਜਾਂਦਾ ਹੈ?**

ੳ. ਸਕਰਮਕ ਕਿਰਿਆ ਅ. ਅਕਰਮਕ ਕਿਰਿਆ

ੲ. ੳ ਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**29. 'ਮੇਰੇ ਮਾਤਾ ਜੀ ਰੋਟੀ ਪਕਾ ਰਹੇ ਹਨ।' ਵਾਕ ਵਿੱਚ 'ਪਕਾ ਰਹੇ ਹਨ' ਕਿਸ ਪ੍ਰਕਾਰ ਦੀ ਕਿਰਿਆ ਹੈ?**

ੳ. ਅਕਰਮਕ ਕਿਰਿਆ ਅ. ਸਕਰਮਕ ਕਿਰਿਆ

ੲ. ੳ ਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**30. 'ਮੀਂਹ ਪੈ ਰਿਹਾ ਹੈ।' ਵਾਕ ਵਿੱਚ 'ਪੈ ਰਿਹਾ ਹੈ' ਕਿਸ ਪ੍ਰਕਾਰ ਦੀ ਕਿਰਿਆ ਹੈ?**

ੳ. ਸਕਰਮਕ ਕਿਰਿਆ ਅ. ਅਕਰਮਕ ਕਿਰਿਆ

ੲ. ੳ ਤੇ ਅ ਦੋਵੇਂ ਸ.ਉਪਰੋਕਤ ਵਿੱਚੋਂ ਕੋਈ ਨਹੀਂ।

**31. ਸੰਬੰਧਕ ਕਿੰਨੀ ਪ੍ਰਕਾਰ ਦੇ ਹਨ?**

ੳ. 1 ਅ. 2 ੲ. 3 ਸ. 4.

**32. ਜਿਹੜੇ ਸ਼ਬਦ ਇਕੱਲੇ ਹੀ ਸੰਬੰਧਕ ਦਾ ਕੰਮ ਕਰਨ, ਨੂੰ ਕੀ ਕਿਹਾ ਜਾਂਦਾ ਹੈ?**

ੳ. ਪੂਰਨ ਸੰਬੰਧਕ　　　　ਅ. ਅਪੂਰਨ ਸੰਬੰਧਕ
ੲ. ੳ ਤੇ ਅ ਦੋਵੇਂ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**33. ਜਿਹੜੇ ਸ਼ਬਦ ਇਕੱਲੇ ਹੀ ਸੰਬੰਧਕ ਦਾ ਕੰਮ ਨਾ ਕਰ ਸਕਣ ਅਤੇ ਉਹ ਪੂਰਨ ਸੰਬੰਧਕ ਨਾ.ਲ ਮਿ.ਲ ਕੇ ਸੰਬੰਧਕ ਬਣਨ, ਨੂੰ ਕੀ ਕਿਹਾ ਜਾਂਦਾ ਹੈ?**

ੳ. ਅਪੂਰਨ ਸੰਬੰਧਕ　　　　ਅ. ਪੂਰਨ ਸੰਬੰਧਕ
ੲ. ੳ ਤੇ ਅ ਦੋਵੇਂ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**34. 'ਸਿਮਰਨ ਦਾ ਭਰਾ ਬੜਾ ਸੋਹਣਾ ਹੈ। 'ਵਾਕ ਵਿੱਚ 'ਦਾ' ਕਿਸ ਪ੍ਰਕਾਰ ਦਾ ਸੰਬੰਧਕ ਹੈ?**

ੳ. ਪੂਰਨ ਸੰਬੰਧਕ　　　　ਅ. ਅਪੂਰਨ ਸੰਬੰਧਕ
ੲ. ੳ ਤੇ ਅ ਦੋਵੇਂ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**35. 'ਮੇਰਾ ਘਰ ਗੁਰਪ੍ਰੀਤ ਦੇ ਘਰ ਲਾਗੇ ਹੈ। ' ਵਾਕ ਵਿੱਚ 'ਲਾਗੇ' ਕਿਸ ਪ੍ਰਕਾਰ ਦਾ ਸੰਬੰਧਕ ਹੈ?**

ੳ. ਅਪੂਰਨ ਸੰਬੰਧਕ　　　　ਅ. ਪੂਰਨ ਸੰਬੰਧਕ
ੲ. ੳ ਤੇ ਅ ਦੋਵੇਂ　　　　ਸ. ਉਪਰੋਕਤ ਵਿੱਚੋਂ ਕੋਈ ਨਹੀਂ।

**36. ਕਿਰਿਆ-ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹਨ?**

ੳ. 6　　ਅ. 7　　ੲ. 8　　ਸ. 9.

**37. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦਾ ਸਮਾਂ ਪ੍ਰਗਟ ਹੁੰਦਾ ਹੈ, ਨੂੰ ਕੀ ਕਿਹਾ ਜਾਂਦਾ ਹੈ?**

ੳ. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ　　　　ਅ. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
ੲ. ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ　　　　ਸ. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ।

**38. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਥਾਨ ਦਾ ਗਿਆਨ ਹੋਵੇ, ਨੂੰ ਕੀ ਕਿਹਾ ਜਾਂਦਾ ਹੈ?**

ੳ. ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ　　　　ਅ. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
ੲ. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ　　　　ਸ. ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ।

**39. ਹੁਣੇ, ਭ.ਲਕੇ, ਰਾਤੋ-ਰਾਤ, ਹਰ ਰੋਜ਼, ਕਦੇ-ਕਦਾਈਂ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਦੀਆਂ ਉਦਾਹਰਨਾਂ ਹਨ?**

ੳ. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ　　　　ਅ. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ
ੲ. ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ　　　　ਸ. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ।

**40. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਬਾਰੇ ਨਿਸ਼ਚੇ ਜਾਂ ਵਿਸ਼ਵਾਸ ਦੇ ਭਾਵ ਪ੍ਰਗਟ ਹੋਣ, ਨੂੰ ਕੀ ਕਿਹਾ ਜਾਂਦਾ ਹੈ?**

ੳ. ਕਾਲ-ਵਾਚਕ ਕਿਰਿਆ-ਵਿਸ਼ੇਸ਼ਣ　　　　ਅ. ਨਿਰਨਾ-ਵਾਚਕ ਕਿਰਿਆ-ਵਿਸ਼ੇਸ਼ਣ
ੲ. ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ　　　　ਸ. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ।

**41. ਅਖਾਣ ਪੂਰੀ ਕਰੋ -**
**ਗਾਂ ਨਾ ਵੱਛੀ ਤੇ ..............................।**

ੳ. ਕੋਠੀ ਮਿ.ਲੇ ਅੱਛੀ　　　　ਅ. ਰੋਟੀ ਮਿ.ਲੇ ਅੱਛੀ
ੲ. ਜਾਗ ਆਵੇ ਅੱਛੀ　　　　ਸ. ਨੀਂਦਰ ਆਵੇ ਅੱਛੀ।

**42. ਯੋਧਿਆਂ ਦੀ ਮਹਿਮਾਂ ਵਿੱਚ ਲਿਖੀ ਗਈ ਬਿਰਤਾਂਤਕ ਕਵਿਤਾ ਨੂੰ ਕੀ ਕਿਹਾ ਜਾਂਦਾ ਹੈ?**

ੳ. ਵਾਰ　　　　ਅ. ਕਿੱਸਾ
ੲ. ਜੰਗਨਾਮਾ　　　　ਸ. ਸੱਦ।

**43. ਜਿਸ ਸਾਲ ਮੀਂਹ ਨਾ ਪਵੇ, ਉਸ ਨੂੰ ਕੀ ਕਿਹਾ ਜਾਂਦਾ ਹੈ?**

ੳ. ਬੰਜਰ　　　　ਅ. ਝੜੀ
ੲ. ਔੜ　　　　ਸ. ਸੋਕਾ।

**44. ਜਿਹੜਾ ਪੈਸਾ ਨਾ ਖ਼ਰਚ ਕਰਦਾ ਹੋਵੇ, ਉਸ ਨੂੰ ਕੀ ਕਿਹਾ ਜਾਂਦਾ ਹੈ?**

ੳ. ਵੈਸ਼ਨੂੰ ਅ. ਕੰਜੂਸ
ੲ. ਅਨਪੜ੍ਹ ਸ. ਖ਼ਰਚੀਲਾ।

**45. 'ਉਹ ਕੰਮ ਜਿਹੜਾ ਮੁੱਕਣ ਵਿੱਚ ਨਾ ਆਵੇ' ਲਈ ਕਿਹੜਾ ਮੁਹਾਵਰਾ ਵਰਤਿਆ ਜਾਵੇਗਾ?**
ੳ. ਘੜੇ ਦੀ ਮੱਛੀ ਅ. ਖੂਹ ਦਾ ਡੱਡੂ
ੲ. ਘਰ ਦਾ ਦੀਵਾ ਸ. ਗਿੱਲਾ ਪੀਹਣ।

**46. 'ਸਭਨਾਂ ਦਾ ਇੱਕੋ ਜਿਹਾ ਨਿਕੰਮਾ ਹੋਣਾ' ਲਈ ਕਿਹੜਾ ਮੁਹਾਵਰਾ ਵਰਤਿਆ ਜਾਵੇਗਾ?**
ੳ. ਇੱਕ ਜਾਨ ਹੋਣਾ ਅ. ਇੱਕ ਮੁੱਠ ਹੋਣਾ
ੲ. ਇੱਕੋ ਥੈਲੀ ਦੇ ਚੱਟੇ-ਵੱਟੇ ਹੋਣਾ ਸ. ਇੱਕੋ ਡੱਗੇ ਪਿੰਡ ਮੰਗਣਾ।

**47. 'ਅੱਖਾਂ ਵਿੱਚ ਘੱਟਾ ਪਾਉਣਾ' ਦਾ ਅਰਥ ਕੀ ਹੈ?**
ੳ. ਭੈੜੇ ਕੰਮ ਕਰਨੇ ਅ. ਅੱਖਾਂ ਵਿੱਚ ਮਿਰਚਾਂ ਪਾਉਣਾ
ੲ. ਚਲਾਕੀ ਕਰਨੀ ਸ. ਧੋਖਾ ਦੇਣਾ।

**48. 'ਹੱਥ ਮਲ਼ਨਾ' ਦਾ ਅਰਥ ਕੀ ਹੈ?**
ੳ. ਪਛਤਾਵਾ ਹੋਣਾ ਅ. ਘਬਰਾ ਜਾਣਾ
ੲ. ਠੰਢ ਲੱਗਣੀ ਸ. ਮੌਕਾ ਗੁਆ ਦੇਣਾ।

**49. ਸੱਪ ਦੇ ਬੱਚੇ ਨੂੰ ਕੀ ਕਹਿੰਦੇ ਹਨ?**
ੳ. ਸਪੇਰਾ ਅ. ਸਪੇਰਨ
ੲ. ਸਪੋਲੀਆ ਸ. ਸੱਪ।

**50. 'ਹਾਰਨਾ' ਦਾ ਵਿਰੋਧੀ ਸ਼ਬਦ ਚੁਣੋ-**
ੳ. ਨਿਕੰਮਾ ਅ. ਫ਼ੇਲ੍ਹ
ੲ. ਅਸਫ਼ਲ ਸ. ਜਿੱਤਣਾ।

**51. 'ਸੱਦਕੜੇ ਜਾਣਾ' ਦਾ ਕੀ ਅਰਥ ਹੈ?**
ੳ. ਗ਼ੁੱਸੇ ਹੋਣਾ ਅ. ਘਬਰਾ ਜਾਣਾ
ੲ. ਨਫ਼ਰਤ ਕਰਨੀ ਸ. ਵਾਰੇ ਜਾਣਾ।

**52. 'ਮਨਜ਼ੂਰ' ਸ਼ਬਦ ਦਾ ਸਮਾਨਾਰਥਕ ਸ਼ਬਦ ਕਿਹੜਾ ਹੈ?**
ੳ. ਸਹਿਣਸ਼ੀਲਤਾ ਅ. ਆਗਿਆ ਨਾ ਦੇਣਾ
ੲ. ਵਿਰੋਧ ਕਰਨਾ ਸ. ਪ੍ਰਵਾਨ।

**53. 'ਸ਼ੁਹਰਤ' ਸ਼ਬਦ ਦਾ ਕੀ ਅਰਥ ਹੈ?**
ੳ. ਬਹੁਮੁੱਲਾ ਅ. ਪ੍ਰਾਪਤੀ
ੲ. ਪ੍ਰਸਿੱਧੀ ਸ. ਬੇਮਿਸਾਲ।

**54. ਕਿਹੜਾ ਸ਼ਬਦ 'ਆੜੀ' ਸ਼ਬਦ ਦਾ ਸਮਾਨਾਰਥਕ ਨਹੀਂ ਹੈ?**
ੳ. ਮਿੱਤਰ ਅ. ਵੈਰੀ
ੲ. ਦੋਸਤ ਸ. ਬੇਲੀ।

**55. 'ਜ਼ਿਹਨ' ਸ਼ਬਦ ਦਾ ਕੀ ਅਰਥ ਹੈ?**
ੳ. ਦਿਲ ਅ. ਦਿਮਾਗ਼
ੲ. ਸਰੀਰ ਸ. ਸਿਰ।

**56. 'ਵਣਜਾਰਾ' ਸ਼ਬਦ ਦਾ ਅਰਥ ਦੱਸੋ:**
ੳ. ਸੁਦਾਗਰ ਅ. ਦਰਜ਼ੀ
ੲ. ਦੁਕਾਨਦਾਰ ਸ. ਉਪਰੋਕਤ ਸਾਰੇ।

**57. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ 'ਉਸਤਾਦ' ਸ਼ਬਦ ਦਾ ਸਮਾਨਾਰਥੀ ਸ਼ਬਦ ਨਹੀਂ ਹੈ?**
ੳ. ਸਿੱਖਿਅਕ ਅ. ਵਪਾਰੀ
ੲ. ਗੁਰੂ ਸ. ਕੋਈ ਹੁਨਰ ਸਿਖਾਉਣ ਵਾਲ਼ਾ।

**58. 'ਵਹਿੰਗੀ' ਸ਼ਬਦ ਦਾ ਅਰਥ ਦੱਸੋ**:

ੳ. ਇੱਕ ਸਾਜ਼ ਅ. ਕੋਈ ਗਹਿਣਾ
ੲ. ਚੀਜ਼ਾਂ ਰੱਖਣ ਲਈ ਤੱਕੜੀ ਵਰਗੀ ਦੋ ਛਾਬਿਆਂ ਵਾਲ਼ੀ ਚੀਜ਼ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**59. 'ਚਾਦਰ ਦੇਖ ਕੇ ਪੈਰ ਪਸਾਰਨੇ' ਮੁਹਾਵਰੇ ਦਾ ਅਰਥ ਦੱਸੋ:**
ੳ. ਰਿਸ਼ਵਤ ਦੇਣੀ ਅ. ਖ਼ੁਸ਼ੀ ਮਨਾਉਣੀ
ੲ. ਦਿਲ 'ਚ ਬੈਠ ਜਾਣਾ ਸ. ਆਮਦਨ ਅਨੁਸਾਰ ਖ਼ਰਚ ਕਰਨਾ।

**60. 'ਬਲਵਾਨ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ –**
ੳ. ਤਾਕਤਵਰ ਅ. ਨਿਡਰ
ੲ. ਕਮਜ਼ੋਰ ਸ. ਦਲੇਰ।

**61. ਹੇਠ ਲਿਖਿਆਂ ਵਿੱਚੋਂ ਵਿਸ਼ੇਸ਼ਣ ਚੁਣੋ–**
ੳ. ਸੁਰੀਲੀ ਅ. ਸੁਰਿੰਦਰ ਕੌਰ
ੲ. ਪੰਜਾਬ ਸ. ਤਸਵੀਰ।

**62. ਸ਼ਬਦ 'ਗਰਮੀ' ਦੇ ਵਿਰੋਧੀ ਸ਼ਬਦ ਦੀ ਚੋਣ ਕਰੋ –**
ੳ. ਠੰਢੀ ਅ. ਗਰਮੀਆਂ
ੲ. ਸਰਦੀ ਸ. ਬਰਫ਼।

**63. 'ਡੋਬੂ ਪੈਣਾ' ਦਾ ਕੀ ਅਰਥ ਹੈ?**
ੳ. ਡੁੱਬ ਜਾਣਾ ਅ. ਖ਼ੁਸ਼ ਹੋਣਾ
ੲ. ਦਿਲ ਘਬਰਾਉਣਾ ਸ. ਪਰਵਾਹ ਨਾ ਕਰਨਾ।

**64. ਸਾਰਥਕ ਸ਼ਬਦ-ਜੋੜ ਚੁਣੋ–**
ੳ. ੳਲਾਦ ਅ. ਔਲਾਦ
ੲ. ਔਲਾਦ ਸ. ਉਲਾਦ।

**65. 'ਆਪਣੀ ਥੋੜ੍ਹੀ ਜਿਹੀ ਖੇਤੀ ਬਲ਼ਦਾਂ ਨਾਲ਼ ਚੱਲੀ ਜਾਂਦੀ ਹੈ।' ਵਾਕ ਵਿੱਚ ਲਕੀਰਿਆ ਸ਼ਬਦ ਕਿਹੜਾ ਵਿਸ਼ੇਸ਼ਣ ਹੈ।**
ੳ. ਗੁਣ-ਵਾਚਕ ਵਿਸ਼ੇਸ਼ਣ ਅ. ਸੰਖਿਆ-ਵਾਚਕ ਵਿਸ਼ੇਸ਼ਣ
ੲ. ਪਰਿਮਾਣ-ਵਾਚਕ ਵਿਸ਼ੇਸ਼ਣ ਸ. ਨਿਸ਼ਚੇ-ਵਾਚਕ ਵਿਸ਼ੇਸ਼ਣ।

**66. 'ਸ਼ਾਮ' ਦਾ ਸਮਾਨਾਰਥੀ ਸ਼ਬਦ ਚੁਣੋ–**
ੳ. ਸਵੇਰ ਅ. ਰਾਤ
ੲ. ਤ੍ਰਕਾਲ਼ਾਂ ਸ. ਦੁਪਹਿਰ।

**67. ਸਾਰਥਕ ਸ਼ਬਦ-ਜੋੜ ਚੁਣੋ–**
ੳ. ਭਡਾਰੀਆ ਅ. ਭੰਡਾਰੀਆ
ੲ. ਭੰਡ੍ਰੀਆ ਸ. ਭੰਡਰੀਆ।

**68. ਸਾਰਥਕ ਸ਼ਬਦ-ਜੋੜ ਚੁਣੋ–**
ੳ. ਫ਼ਰਮਾਯਾ ਅ. ਫਰਮਾਇਆ
ੲ. ਫ਼ਰਮਾਇਆ ਸ. ਫ੍ਰਮਾਇਆ।

**69. 'ਸ਼ਿਸ਼ਕੇਰੀ' ਦਾ ਸਮਾਨਾਰਥਕ ਸ਼ਬਦ ਚੁਣੋ–**
ੳ. ਜ਼ਖ਼ਮ ਅ. ਤਾਕਤਵਰ
ੲ. ਹੱਲਾਸ਼ੇਰੀ ਦੇਣਾ ਸ. ਹੁਕਮ ਦਿੱਤਾ।

**70. ਸਾਰਥਕ ਸ਼ਬਦ-ਜੋੜ ਚੁਣੋ–**
ੳ. ਬਰਾਜਮਾਨ ਅ. ਬਿਰਾਜਮਾਨ
ੲ. ਬ੍ਰਿਜਮਾਨ ਸ. ਬਿਰਜਮਾਨ।

**71. ਹੇਠ ਲਿਖੇ ਸ਼ਬਦਾਂ ਵਿੱਚੋਂ ਬਾਕੀਆਂ ਤੋਂ ਵੱਖਰਾ ਸ਼ਬਦ ਚੁਣੋ–**
ੳ. ਕਹਾਣੀ ਅ. ਲੇਖ
ੲ. ਚਿੱਤਰ ਸ. ਕਵਿਤਾ।

**72. ਸਾਰਥਕ ਸ਼ਬਦ-ਜੋੜ ਚੁਣੋ-**

ੳ. ਪਰਛਾਵਾ　　　ਅ. ਪਰਛਾਂਵਾਂ

ੲ. ਪਰਛਾਵਾਂ　　　ਸ. ਪਰਛਾਂਵਾ।

**73. ਕਿਸੇ ਲੇਖਕ ਜਾਂ ਕਲਾਕਾਰ ਦੀ ਉੱਤਮ ਰਚਨਾ ਨੂੰ ਕੀ ਕਹਿੰਦੇ ਹਨ?**

ੳ. ਕਹਾਣੀ　　　ਅ. ਸ਼ਾਹਕਾਰ

ੲ. ਕਵਿਤਾ　　　ਸ. ਸ੍ਵੈ-ਜੀਵਨੀ।

**74. ਸਾਰਥਕ ਸ਼ਬਦ-ਜੋੜ ਚੁਣੋ-**

ੳ. ਸੁਨਹਿਰੀ　　　ਅ. ਸੁਨੈਹਿਰੀ

ੲ. ਸੁਨਹਰੀ　　　ਸ. ਸਨੈਹਰੀ।

**75. 'ਖਾਰ ਖਾਣੀ' ਮੁਹਾਵਰੇ ਦਾ ਕੀ ਅਰਥ ਹੈ?**

ੳ. ਲੜਨਾ　　　ਅ. ਈਰਖਾ ਕਰਨੀ

ੲ. ਮਜ਼ਾਕ ਉਡਾਉਣਾ　　　ਸ. ਖ਼ੁਸ਼ ਹੋਣਾ।

**76. ਸਾਰਥਕ ਸ਼ਬਦ-ਜੋੜ ਚੁਣੋ-**

ੳ. ਵੌਹਟੀਆਂ　　　ਅ. ਵਹੁਟੀਆਂ

ੲ. ਵੁਹਟੀਆਂ　　　ਸ. ਵਹੌਂਟੀਆਂ।

**77. 'ਸੋਹਲੇ ਗਾਉਣਾ' ਮੁਹਾਵਰੇ ਦਾ ਕੀ ਅਰਥ ਹੈ?**

ੳ. ਗੀਤ ਗਾਉਣਾ　　　ਅ. ਵਾਰ ਗਾਉਣਾ

ੲ. ਸਿਫ਼ਤ ਕਰਨੀ　　　ਸ. ਕਵਿਤਾ ਗਾਉਣੀ।

**78. ਸਾਰਥਕ ਸ਼ਬਦ-ਜੋੜ ਚੁਣੋ-**

ੳ. ਮਸ਼ੀਨਰੀ　　　ਅ. ਮਸੀਨਰੀ

ੲ. ਮਸ਼ੀਨ੍ਰੀ　　　ਸ. ਮਸ਼ਨਿਰੀ।

**79. 'ਅਦਭੁਤ' ਦਾ ਸਮਾਨਾਰਥੀ ਸ਼ਬਦ ਚੁਣੋ-**

ੳ. ਸਮੁੰਦਰ　　　ਅ. ਜੀਵ-ਜੰਤੂ

ੲ. ਗਹਿਰਾ　　　ਸ. ਅਨੋਖਾ।

**80. 'ਡਾਲਫ਼ਿਨ' ਮੱਛੀ ਕਿਸ ਕਿਸਮ ਦਾ ਨਾਂਵ ਹੈ?**

ੳ. ਆਮ ਨਾਂਵ　　　ਅ. ਖ਼ਾਸ ਨਾਂਵ

ੲ. ਭਾਵ-ਵਾਚਕ ਨਾਂਵ　　　ਸ. ਇਕੱਠ-ਵਾਚਕ ਨਾਂਵ।

**81. ਜਿਸ ਥਾਂ ਪਹਿਲਵਾਨਾਂ ਦੇ ਘੋਲ਼ ਹੁੰਦੇ ਹਨ, ਉਸ ਨੂੰ ਕੀ ਆਖਦੇ ਹਨ?**

ੳ. ਸ਼ਾਮਲਾਟ　　　ਅ. ਖੇਡ ਦਾ ਮੈਦਾਨ

ੲ. ਬਗ਼ੀਚਾ　　　ਸ. ਅਖਾੜਾ।

**82. 'ਕੋਮਲ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ।**

ੳ. ਕਠੋਰ　　　ਅ. ਲਚਕੀਲਾ

ੲ. ਮੋਟਾ　　　ਸ. ਪਤਲਾ।

**83. 'ਦੋਸਤ' ਦਾ ਵਿਰੋਧੀ ਸ਼ਬਦ ਲਿਖੋ।**

ੳ. ਮਿੱਤਰ　　　ਅ. ਬੇਲੀ

ੲ. ਦੁਸ਼ਮਣ　　　ਸ. ਆੜੀ।

**84. ਪਿੰਡ ਦੀ ਸਾਂਝੀ ਥਾਂ ਨੂੰ ਕੀ ਆਖਦੇ ਹਨ?**

ੳ. ਅਖਾੜਾ　　　ਅ. ਮੈਦਾਨ

ੲ. ਪਿੜ　　　ਸ. ਸ਼ਾਮਲਾਟ।

**85. 'ਝਲਾਨੀ' ਕਿਸ ਨੂੰ ਕਹਿੰਦੇ ਹਨ**

ੳ. ਵਾੜੇ ਨੂੰ　　　ਅ. ਤੂੜੀ ਵਾਲ਼ੇ ਕੋਠੇ ਨੂੰ

ੲ. ਨੀਵੀਂ ਛੱਤ ਵਾਲ਼ੀ ਰਸੋਈ ਨੂੰ　　　ਸ. ਚੁਬਾਰੇ ਦੀ ਛੱਤ ਨੂੰ।

**86. ਤੁਸੀਂ ਪਿੰਡ ਪੱਧਰ ਦੀਆਂ ਸਕੀਮਾਂ ਦੀ ਜਾਣਕਾਰੀ ਲੈਣ ਲਈ ਬਿਨੈ-ਪੱਤਰ ਕਿਸ ਨੂੰ ਲਿਖੋਗੇ?**
ੳ. ਬੀ.ਡੀ.ਪੀ.ਓ. ਨੂੰ | ਅ. ਸਰਪੰਚ ਨੂੰ
ੲ. ਮੁੱਖ ਅਧਿਆਪਕ ਨੂੰ | ਸ. ਸਿਹਤ ਵਿਭਾਗ ਨੂੰ।

**87. ਦਿਵਾ.ਲੀ ਦੇ ਤਿਉਹਾਰ ਨਾ.ਲ ਸਿੱਖਾਂ ਦੇ ਕਿੰਨਵੇਂ ਗੁਰੂ ਸਾਹਿਬਾਨ ਦਾ ਸੰਬੰਧ ਹੈ?**
ੳ. ਚੌਥੇ | ਅ. ਪੰਜਵੇਂ
ੲ. ਛੇਵੇਂ | ਸ. ਨੌਵੇਂ।

**88. ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ ਕਿਹੜੀ ਹੈ?**
ੳ. ਜਪੁਜੀ ਸਾਹਿਬ | ਅ. ਜਾਪ ਸਾਹਿਬ
ੲ. ਪੱਟੀ | ਸ. ਆਸਾ ਦੀ ਵਾਰ।

**89. ਭਾਸ਼ਾ ਕਿੰਨੇ ਪ੍ਰਕਾਰ ਦੀ ਹੈ?**
ੳ. ਚਾਰ | ਅ. ਤਿੰਨ
ੲ. ਇੱਕ | ਸ. ਦੋ।

**90. ਉਹ ਅਖ਼ਬਾਰ ਜੋ ਹਫ਼ਤੇ ਬਾਅਦ ਨਿਕ.ਲੇ, ਉਸ ਨੂੰ ਕੀ ਕਹਿੰਦੇ ਹਨ?**
ੳ. ਸਲਾਨਾ | ਅ. ਰੋਜ਼ਾਨਾ
ੲ. ਸਪਤਾਹਿਕ | ਸ. ਮਾਸਿਕ।

**91. ਅਜੋਕੀ ਵਿੱਦਿਆ-ਪ੍ਰਨਾ.ਲੀ ਦਾ ਉਦੇਸ਼ ਦਿਮਾ.ਗੀ ਵਿਕਾਸ ਦੇ ਨਾ.ਲ-ਨਾ.ਲ .............. ਵਿਕਾਸ ਕਰਨਾ ਵੀ ਹੈ।**
ੳ. ਆਰਥਿਕ | ਅ. ਰਾਜਨੀਤਿਕ
ੲ. ਸਰੀਰਕ | ਸ. ਸੱਭਿਆਚਾਰਕ।

**92. ਅਰੋਗ ਸਰੀਰ ਵਿੱਚ ਹੀ ਅਰੋਗ ....... ਨਿਵਾਸ ਕਰ ਸਕਦਾ ਹੈ। (ਖ਼ਾਲੀ ਥਾਂ ਭਰੋ।)**
ੳ. ਮਨ | ਅ. ਦਿਮਾ.ਗ
ੲ. ਵਿਚਾਰ | ਸ. ਦਿਲ।

**93. ਸਕੂਲ ਵਿੱਚ ਜਿਸ ਥਾਂ 'ਤੇ ਕਿਤਾਬਾਂ ਦਾ ਭੰਡਾਰ ਰੱਖਿਆ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?**
ੳ. ਪ੍ਰਯੋਗਸ਼ਾਲਾ | ਅ. ਲਾਇਬ੍ਰੇਰੀ
ੲ. ਪੜ੍ਹਨ ਕਮਰਾ | ਸ. ਸਟੋਰ।

**94. ਮੁੱਖ ਰੂਪ ਵਿੱਚ ਚਿੱਠੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?**
ੳ. ਤਿੰਨ | ਅ. ਚਾਰ
ੲ. ਛੇ | ਸ. ਦੋ।

**95. ਤੁਹਾਡਾ ਛੋਟਾ ਭਰਾ ਘਰ ਵਿੱਚ ਟੀ.ਵੀ. 'ਤੇ ਗਾਣਿਆਂ ਦੀ ਅਵਾਜ਼ ਬਹੁਤ ਉੱਚੀ ਰੱਖਦਾ ਹੈ।**
ੳ. ਤੁਸੀਂ ਗ਼ੁੱਸਾ ਕਰੋਗੇ | ਅ. ਉਸ ਦਾ ਸਾਥ ਦਿਓਗੇ
ੲ. ਉਸ ਨੂੰ ਅਵਾਜ਼ ਪ੍ਰਦੂਸ਼ਣ ਬਾਰੇ ਦੱਸੋਗੇ | ਸ. ਉਪਰੋਕਤ ਵਿੱਚੋਂ ਕੁਝ ਨਹੀਂ ਕਰੋਗੇ।

**96. ਜੇਕਰ ਤੁਹਾਨੂੰ ਕੋਈ ਪਰਾਲੀ ਨੂੰ ਸਾੜਦਾ ਨਜ਼ਰ ਆਉਂਦਾ ਹੈ ਤਾਂ ਤੁਸੀਂ ਕਿਸ ਨੂੰ ਫ਼ੋਨ ਕਰ ਕੇ ਸ਼ਿਕਾਇਤ ਕਰੋਗੇ?**
ੳ. ਪੁਲਿਸ ਨੂੰ | ਅ. ਫ਼ਾਇਰ ਬ੍ਰਿਗੇਡ ਨੂੰ
ੲ. ਮੁੱਖ ਅਧਿਆਪਕ ਨੂੰ | ਸ. ਡਾਕਟਰ ਨੂੰ।

**97. ਤੁਹਾਡੇ ਪਿੰਡ ਵਿੱਚ ਗੰਦੇ ਪਾਣੀ ਦੇ ਪ੍ਰਬੰਧ ਨੂੰ ਸੁਧਾਰਨ ਲਈ ਤੁਸੀਂ ਕਿਸ ਨੂੰ ਪੱਤਰ ਲਿਖੋਗੇ?**
ੳ. ਮੁੱਖ ਅਧਿਆਪਕ ਨੂੰ | ਅ. ਬੀ.ਡੀ.ਪੀ.ਓ. ਨੂੰ
ੲ. ਸਰਪੰਚ ਨੂੰ | ਸ. ਸਿਹਤ ਵਿਭਾਗ ਨੂੰ।

**98. ਮੀਂਹ ਜ਼ਿਆਦਾ ਪੈਣ ਕਾਰਨ ਤੁਸੀਂ ਸਕੂਲ ਤੋਂ ਘਰ ਜਾਣ ਲੱਗੇ ਰਸਤੇ ਵਿੱਚ ਆਪਣੇ ਦੋਸਤ ਦੇ ਘਰ ਰੁਕ ਜਾਂਦੇ ਹੋ, ਤਾਂ ਤੁਸੀਂ ਸਭ ਤੋਂ ਪਹਿਲਾਂ ਕੀ ਕਰੋਗੇ?**
ੳ. ਉੱਥੇ ਦੋਸਤ ਨਾ.ਲ ਖੇਡੋਗੇ | ਅ. ਉੱਥੇ ਰੁਕ ਕੇ ਸਕੂਲ ਦਾ ਕੰਮ ਕਰੋਗੇ
ੲ. ਆਪਣੇ ਘਰ ਫ਼ੋਨ ਕਰੋਗੇ | ਸ. ਕਿਸੇ ਨੂੰ ਦੱਸੇ ਬਿਨਾਂ ਮੀਂਹ ਪੈਣ ਤੱਕ ਉੱਥੇ ਰੁਕੋਗੇ।

**99. ਤੁਹਾਡਾ ਭਰਾ ਪੜ੍ਹਦਾ ਬਹੁਤ ਹੈ ਪਰ ਖੇਡਦਾ ਬਿਲਕੁਲ ਨਹੀਂ, ਤੁਸੀਂ ਕੀ ਕਰੋਗੇ?**
ੳ. ਮਾਤਾ-ਪਿਤਾ ਨੂੰ ਸ਼ਿਕਾਇਤ ਕਰੋਗੇ | ਅ. ਅਧਿਆਪਕ ਨੂੰ ਸ਼ਿਕਾਇਤ ਕਰੋਗੇ

ੲ. ਪੜ੍ਹਾਈ 'ਤੇ ਹੀ ਧਿਆਨ ਰੱਖਣ ਲਈ ਕਹੋਗੇ ਸ. ਪੜ੍ਹਾਈ ਦੇ ਨਾਲ਼ ਖੇਡਾਂ ਦੀ ਮਹੱਤਤਾ ਬਾਰੇ ਦੱਸੋਗੇ।

**100. ਹਵਾ ਨੂੰ ਸ਼ੁੱਧ ਕਰਨ ਲਈ ਤੁਸੀਂ ਕੀ ਕਰੋਗੇ?**

ੳ. ਹਵਾ ਨੂੰ ਫਿਲਟਰ ਕਰੋਗੇ ਅ. ਆਵਾਜਾਈ ਬੰਦ ਕੋਰੇਗੇ
ੲ. ਵੱਧ ਤੋਂ ਵੱਧ ਰੁੱਖ ਲਾਓਗੇ ਸ. ਫੈਕਟਰੀਆਂ ਬੰਦ ਕਰਨ ਦੀ ਅਪੀਲ ਕਰੋਗੇ।

**101. ਕੁਦਰਤੀ ਆਫ਼ਤਾਂ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਮੰਨਦੇ ਹੋ?**

ੳ. ਪ੍ਰਦੂਸ਼ਣ ਅ. ਜੰਗਲ਼ਾਂ ਦੀ ਕਟਾਈ
ੲ. ਖਣਨ ਸ. ਉਪਰੋਕਤ ਸਾਰੇ।

**102. ਤੁਸੀਂ ਸ਼ਹਿਰ ਵਿੱਚ ਰਹਿੰਦਿਆਂ ਆਪਣੇ ਮੁਹੱਲੇ ਵਿੱਚ ਗੰਦੇ ਪਾਣੀ ਦੇ ਪ੍ਰਬੰਧ ਸੁਧਾਰਨ ਲਈ ਕਿਸ ਨੂੰ ਪੱਤਰ ਲਿਖੋਗੇ?**

ੳ. ਮਿਉਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਅ. ਬੀ.ਡੀ.ਪੀ.ਓ. ਨੂੰ
ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**103. ਤੁਸੀਂ ਆਪਣੇ ਛੋਟੇ ਭੈਣ-ਭਰਾ ਦੀ ਖੇਡਾਂ ਵਿੱਚ ਰੁਚੀ ਕਿਵੇਂ ਪੈਦਾ ਕਰੋਗੇ?**

ੳ. ਖੇਡਾਂ ਦੀ ਸਰੀਰਕ ਮਹੱਤਤਾ ਦੱਸ ਕੇ ਅ. ਖੇਡਾਂ ਦੀ ਭਾਵਨਾਤਮਕ ਮਹੱਤਤਾ ਦੱਸ ਕੇ
ੲ. ਖੇਡਾਂ ਦੀ ਮਾਨਸਿਕ ਮਹੱਤਤਾ ਦੱਸ ਕੇ ਸ. ਉਪਰੋਕਤ ਸਾਰੇ।

**104. ਆਪਣੇ ਮੁਹੱਲੇ ਦੇ ਡਾਕੀਏ ਦੀ ਸ਼ਿਕਾਇਤ ਲਈ ਤੁਸੀਂ ਕਿਸ ਨੂੰ ਪੱਤਰ ਲਿਖੋਗੇ?**

ੳ. ਪ੍ਰਿੰਸੀਪਲ ਨੂੰ ਅ. ਥਾਣਾ ਮੁਖੀ ਨੂੰ
ੲ. ਸਰਪੰਚ ਨੂੰ ਸ. ਪੋਸਟ ਮਾਸਟਰ ਨੂੰ।

**105. ਆਪਣੇ ਮੁਹੱਲੇ ਦਾ ਡਾਕ-ਪ੍ਰਬੰਧ ਸੁਧਾਰਨ ਲਈ ਤੁਸੀਂ ਕਿਸ ਨੂੰ ਪੱਤਰ ਲਿਖੋਗੇ?**

ੳ. ਪ੍ਰਿੰਸੀਪਲ ਨੂੰ ਅ. ਥਾਣਾ ਮੁਖੀ ਨੂੰ
ੲ. ਸਰਪੰਚ ਨੂੰ ਸ. ਪੋਸਟ ਮਾਸਟਰ ਨੂੰ।

**106. ਤੁਹਾਡੇ ਦੋਸਤ ਨੇ ਤੁਹਾਨੂੰ ਤੋਹਫ਼ਾ ਦਿੱਤਾ ਹੈ, ਤੁਸੀਂ ਕਿਸ ਦਾ ਧੰਨਵਾਦ ਕਰੋਗੇ?**

ੳ. ਦੋਸਤ ਦਾ ਅ. ਚਾਚਾ ਜੀ ਦਾ
ੲ. ਮੁੱਖ ਅਧਿਆਪਕ ਦਾ ਸ. ਪਿਤਾ ਜੀ ਦਾ।

**107. ਮਿੱਤਰ/ਸਹੇਲੀ ਨੂੰ ਲਿਖੇ ਜਾਣ ਵਾਲ਼ੇ ਪੱਤਰ ਕਿਸ ਨੂੰ ਸੰਬੋਧਨ ਕਰਕੇ ਲਿਖੋਗੇ?**

ੳ. ਮੁੱਖ ਅਧਿਆਪਕ ਨੂੰ ਅ. ਮਿੱਤਰ/ਸਹੇਲੀ ਨੂੰ
ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**108. ਤੁਸੀਂ ਆਪਣੇ ਦੋਸਤ ਨੂੰ ਆਪਣੇ ਸਕੂਲ ਵਿੱਚ ਦਾਖ਼ਲਾ ਲੈਣ ਲਈ ਕਿਵੇਂ ਪ੍ਰੇਰਿਤ ਕਰੋਗੇ?**

ੳ. ਸਕੂਲ ਦੀ ਤਾਰੀਫ਼ ਕਰਕੇ
ਅ. ਅਧਿਆਪਕਾਂ ਦੀ ਤਾਰੀਫ਼ ਕਰਕੇ
ੲ. ਸਕੂਲ ਵਿੱਚ ਕਰਵਾਈਆਂ ਜਾਣ ਵਾਲ਼ੀਆਂ ਗਤੀਵਿਧੀਆਂ ਬਾਰੇ ਦੱਸ ਕੇ
ਸ. ਉਪਰੋਕਤ ਸਾਰੇ।

**109. ਤੁਸੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਪਦੇ ਰਿਸਾਲੇ ਮੰਗਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਆਪਣਾ ਪੱਤਰ ਕਿਸ ਨੂੰ ਸੰਬੋਧਨ ਕਰੋਗੇ?**

ੳ. ਮੁੱਖ ਅਧਿਆਪਕ ਨੂੰ ਅ. ਬੋਰਡ ਦੇ ਸੰਪਾਦਕ ਨੂੰ
ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**110. ਤੁਸੀਂ ਪਿੰਡ ਪੱਧਰ ਦੀਆਂ ਸਕੀਮਾਂ ਦੀ ਜਾਣਕਾਰੀ ਲੈਣ ਲਈ ਪੱਤਰ ਕਿਸ ਨੂੰ ਲਿਖੋਗੇ?**

ੳ. ਸਰਪੰਚ ਨੂੰ ਅ. ਸਕੂਲ ਦੇ ਮੁੱਖ ਅਧਿਆਪਕ ਨੂੰ
ੲ. ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਸ. ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ।

**111. ਪੜ੍ਹਾਈ ਦੇ ਨਾਲ਼-ਨਾਲ਼ ………………… ਵਿੱਚ ਦਿਲਚਸਪੀ ਲੈਣੀ ਚਾਹੀਦੀ ਹੈ?**

ੳ. ਪ੍ਰਦੂਸ਼ਣ ਅ. ਜੰਗਲ਼ਾਂ ਦੀ ਕਟਾਈ
ੲ. ਖੇਡਾਂ ਵਿੱਚ ਸ. ਉਪਰੋਕਤ ਸਾਰੇ।

**112. ਤੁਸੀਂ ਸ਼ਹਿਰ ਵਿੱਚ ਰਹਿੰਦਿਆਂ ਆਪਣੇ ਮੁਹੱਲੇ ਵਿੱਚ ਸਫ਼ਾਈ ਦੇ ਪ੍ਰਬੰਧ ਸੁਧਾਰਨ ਲਈ ਕਿਸ ਨੂੰ ਪੱਤਰ ਲਿਖੋਗੇ?**

ੳ. ਮਿਉਂਸੀਪਲ ਕਮੇਟੀ ਦੇ ਪ੍ਰਧਾਨ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**113. ਤੁਹਾਡੇ ਪਿੰਡ ਵਿੱਚ ਸਫ਼ਾਈ ਦੇ ਪ੍ਰਬੰਧ ਨੂੰ ਸੁਧਾਰਨ ਲਈ ਤੁਸੀਂ ਕਿਸ ਨੂੰ ਪੱਤਰ ਲਿਖੋਗੇ?**

ੳ. ਮੁੱਖ ਅਧਿਆਪਕ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**114. ਤੁਹਾਡੇ ਆਲ਼ੇ-ਦੁਆਲ਼ੇ ਕੋਈ ਦੁਕਾਨਦਾਰ ਖਾਣ ਦੀਆਂ ਵਸਤਾਂ ਵਿੱਚ ਮਿਲ਼ਾਵਟ ਕਰਦਾ ਹੈ, ਤੁਸੀਂ ਉਸਦੀ ਸ਼ਿਕਾਇਤ ਕਿਸ ਨੂੰ ਕਰੋਗੇ?**

ੳ. ਪ੍ਰਿੰਸੀਪਲ ਨੂੰ ਅ. ਥਾਣਾ ਮੁਖੀ ਨੂੰ

ੲ. ਸਿਹਤ ਵਿਭਾਗ ਨੂੰ ਸ. ਪੋਸਟ ਮਾਸਟਰ ਨੂੰ।

**115. ਮਾਤਾ ਜਾਂ ਪਿਤਾ ਜੀ ਨੂੰ ਲਿਖੇ ਜਾਣ ਵਾਲ਼ੇ ਪੱਤਰ ਕਿਹੜੀ ਕਿਸਮ ਦੇ ਹੁੰਦੇ ਹਨ?**

ੳ. ਬੇਨਤੀ ਪੱਤਰ ਅ. ਦਫ਼ਤਰੀ ਪੱਤਰ

ੲ. ਨਿੱਜੀ ਪੱਤਰ ਸ. ਵਪਾਰਕ ਪੱਤਰ।

**116. ਤੁਹਾਡਾ ਬੈਗ ਚੋਰੀ ਹੋ ਗਿਆ ਹੈ, ਤੁਸੀਂ ਇਸ ਦੀ ਸ਼ਿਕਾਇਤ ਕਿਸ ਨੂੰ ਕਰੋਗੇ?**

ੳ. ਮੁੱਖ ਅਧਿਆਪਕ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਸਰਪੰਚ ਨੂੰ ਸ. ਥਾਣੇਦਾਰ ਨੂੰ।

**117. ਤੁਹਾਡੀ ਜਮਾਤ ਦਾ ਇੱਕ ਸ਼ਰਾਰਤੀ ਵਿਦਿਆਰਥੀ ਸਕੂਲ ਦੀਆਂ ਚੀਜ਼ਾਂ ਨੂੰ ਖ਼ਰਾਬ ਕਰਦਾ ਹੈ, ਤੁਸੀਂ ਕੀ ਕਰੋਗੇ?**

ੳ. ਆਪ ਵੀ ਸਕੂਲ ਦੀਆਂ ਚੀਜ਼ਾਂ ਖ਼ਰਾਬ ਕਰੋਗੇ

ਅ. ਉਸਨੂੰ ਅਬਾ-ਤਬਾ ਬੋਲੋਗੇ

ੲ. ਸਕੂਲ ਦੀਆਂ ਚੀਜ਼ਾਂ ਦੀ ਮਹੱਤਤਾ ਸਮਝਾਉਂਦੇ ਹੋਏ ਅਜਿਹਾ ਕਰਨ ਤੋਂ ਰੋਕੋਗੇ

ਸ. ਉਪਰੋਕਤ ਵਿੱਚੋਂ ਕੁਝ ਨਹੀਂ ਕਰੋਗੇ।

**118. ਤੁਹਾਨੂੰ ਘਰ ਵਿੱਚ ਜ਼ਰੂਰੀ ਕੰਮ ਪੈ ਗਿਆ ਹੈ, ਤੁਸੀਂ ਸਕੂਲ ਨਹੀਂ ਜਾ ਸਕਦੇ, ਤੁਸੀਂ ਛੁੱਟੀ ਲੈਣ ਲਈ ਕਿਸ ਨੂੰ ਅਰਜ਼ੀ ਲਿਖੋਗੇ?**

ੳ. ਮੁੱਖ ਅਧਿਆਪਕ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**119. ਤੁਹਾਡੇ ਸਕੂਲ ਦੀ ਲਾਇਬ੍ਰੇਰੀ ਵਿੱਚ ਬਹੁਤ ਘੱਟ ਕਿਤਾਬਾਂ ਹਨ, ਤੁਸੀਂ ਹੋਰ ਕਿਤਾਬਾਂ ਮੰਗਵਾਉਣ ਲਈ ਕਿਸ ਨੂੰ ਕਹੋਗੇ?**

ੳ. ਸਿਹਤ ਵਿਭਾਗ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਸਰਪੰਚ ਨੂੰ ਸ. ਪ੍ਰਿੰਸੀਪਲ ਨੂੰ।

**120. ਤੁਹਾਡੇ ਸਕੂਲ ਦਾ ਲਾਇਬ੍ਰੇਰੀਅਨ ਠੀਕ ਢੰਗ ਨਾਲ਼ ਆਪਣਾ ਕੰਮ ਨਹੀਂ ਕਰਦਾ ਹੈ, ਤੁਸੀਂ ਉਸਦੀ ਸ਼ਿਕਾਇਤ ਕਿਸ ਕੋਲ਼ ਕਰੋਗੇ?**

ੳ. ਸਰਪੰਚ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਮੁੱਖ-ਅਧਿਆਪਕ ਨੂੰ ਸ. ਸਿਹਤ ਵਿਭਾਗ ਨੂੰ।

**121. ਤੁਹਾਨੂੰ ਅਚਾਨਕ ਬੁਖ਼ਾਰ ਹੋ ਗਿਆ ਹੈ, ਤੁਸੀਂ ਛੁੱਟੀ ਲੈਣ ਲਈ ਕਿਸ ਨੂੰ ਬਿਨੈ-ਪੱਤਰ ਲਿਖੋਗੇ?**

ੳ. ਮੁੱਖ ਅਧਿਆਪਕ ਨੂੰ ਅ. ਬੀ.ਡੀ.ਪੀ.ਓ. ਨੂੰ

ੲ. ਸਰਪੰਚ ਨੂੰ ਸ. ਸਿਹਤ ਵਿਭਾਗ ਨੂੰ।

**122. ਅੱਜ-ਕੱਲ੍ਹ ਖਾਣ-ਪੀਣ ਦੀਆਂ ਵਸਤੂਆਂ ਵਿੱਚ ਮਿਲ਼ਾਵਟ ਬਹੁਤ ਵਧ ਗਈ ਹੈ, ਤੁਸੀਂ ਇਸ ਬਾਰੇ ਲੋਕਾਂ ਨੂੰ ਕਿਵੇਂ ਸੁਚੇਤ ਕਰੋਗੇ?**

ੳ. ਅਖ਼ਬਾਰ ਵਿੱਚ ਇਸ਼ਤਿਹਾਰ ਰਾਹੀਂ ਅ. ਅਨਾਊਂਸਮੈਂਟ ਰਾਹੀਂ

ੲ. ੳ ਅਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**123. ਅੱਜ-ਕੱਲ੍ਹ ਸੜਕੀ ਦੁਰਘਟਨਾਵਾਂ ਬਹੁਤ ਵੱਧ ਗਈਆਂ ਹਨ, ਤੁਸੀਂ ਇਸ ਬਾਰੇ ਲੋਕਾਂ ਨੂੰ ਕਿਵੇਂ ਸੁਚੇਤ ਕਰੋਗੇ?**

ੳ. ਅਖ਼ਬਾਰ ਵਿੱਚ ਇਸ਼ਤਿਹਾਰ ਰਾਹੀਂ ਅ. ਸਰਪੰਚ ਨੂੰ ਦੱਸ ਕੇ

ੲ. ੳ ਅਤੇ ਅ ਦੋਵੇਂ ਸ. ਉਪਰੋਕਤ ਵਿੱਚੋਂ ਕੋਈ ਨਹੀਂ।

**124. ਤੁਹਾਡੇ ਮੁਹੱਲੇ ਵਿੱਚ ਕੋਈ ਗੁੰਡਾਗਰਦੀ ਕਰਦਾ ਹੈ ਤਾਂ ਤੁਸੀਂ ਇਸਦੀ ਸ਼ਿਕਾਇਤ ਕਿਸ ਕੋਲ਼ ਕਰੋਗੇ?**

ੳ. ਪ੍ਰਿੰਸੀਪਲ ਨੂੰ	ਅ. ਥਾਣਾ ਮੁਖੀ ਨੂੰ
ੲ. ਸਰਪੰਚ ਨੂੰ	ਸ. ਪੋਸਟ ਮਾਸਟਰ ਨੂੰ।

**125. ਤੁਹਾਡੇ ਸਕੂਲ ਵਿੱਚ ਪੀਣ ਵਾਲ਼ੇ ਪਾਣੀ ਦਾ ਪ੍ਰਬੰਧ ਨਹੀਂ ਹੈ, ਤੁਸੀਂ ਕੀ ਕਰੋਗੇ?**

ੳ. ਘਰ ਤੋਂ ਪਾਣੀ ਲਿਆਓਗੇ	ਅ. ਗੁਆਂਢੀਆਂ ਨੂੰ ਦੱਸੋਗੇ
ੲ. ਪ੍ਰਿੰਸੀਪਲ ਨੂੰ ਪਾਣੀ ਦਾ ਪ੍ਰਬੰਧ ਕਰਨ ਲਈ ਕਹੋਗੇ	ਸ. ਉਪਰੋਕਤ ਵਿੱਚੋਂ ਕੋਈ ਨਹੀਂ।

**126. ਤੁਹਾਡਾ ਮਿੱਤਰ ਜ਼ਿਆਦਾ ਲਾਭ ਕਮਾਉਣ ਲਈ ਦੁੱਧ ਵਿੱਚ ਮਿਲ਼ਾਵਟ ਕਰਦਾ ਹੈ, ਤੁਸੀਂ ਕੀ ਕਰੋਗੇ?**

ੳ. ਉਸ ਨੂੰ ਅਜਿਹਾ ਹੀ ਕਰਨ ਲਈ ਕਹੋਗੇ
ਅ. ਸਿਹਤ ਦਾ ਮਹੱਤਵ ਦੱਸਦੇ ਹੋਏ ਅਜਿਹਾ ਕਰਨ ਤੋਂ ਰੋਕੋਗੇ
ੲ. ਉਸ ਨੂੰ ਅਬਾ-ਤਬਾ ਬੋਲੋਗੇ
ਸ. ਉਪਰੋਕਤ ਵਿੱਚੋਂ ਕੁਝ ਨਹੀਂ ਕਰੋਗੇ।

**127. ਸਕੂਲ ਵਿੱਚ ਲਿਖੇ ਜਾਣ ਵਾਲ਼ੇ ਪੱਤਰ ਕਿਸ ਨੂੰ ਸੰਬੋਧਨ ਕਰਕੇ ਲਿਖੇ ਜਾਂਦੇ ਹਨ?**

ੳ. ਮਿਉਂਸੀਪਲ ਕਮੇਟੀ ਦੇ ਪ੍ਰਧਾਨ ਨੂੰ	ਅ. ਬੀ.ਡੀ.ਪੀ.ਓ. ਨੂੰ
ੲ. ਸਰਪੰਚ ਨੂੰ	ਸ. ਮੁੱਖ ਅਧਿਆਪਕ ਨੂੰ।

**128. ਤੁਹਾਡੇ ਪਿਤਾ ਜੀ ਗ਼ਰੀਬੀ ਕਾਰਨ ਤੁਹਾਡੀ ਫ਼ੀਸ ਨਹੀਂ ਭਰ ਸਕਦੇ ਤਾਂ ਤੁਸੀਂ ਕੀ ਕਰੋਗੇ?**

ੳ. ਮੁੱਖ ਅਧਿਆਪਕ ਨੂੰ ਦੱਸੋਗੇ	ਅ. ਬੀ.ਡੀ.ਪੀ.ਓ. ਨੂੰ ਦੱਸੋਗੇ
ੲ. ਸਰਪੰਚ ਨੂੰ ਦੱਸੋਗੇ	ਸ. ਸਿਹਤ ਵਿਭਾਗ ਨੂੰ ਦੱਸੋਗੇ।

**129. ਮੁੱਖ-ਅਧਿਆਪਕ ਜਾਂ ਪ੍ਰਿੰਸੀਪਲ ਨੂੰ ਲਿਖੇ ਜਾਣ ਵਾਲ਼ੇ ਪੱਤਰ ਕਿਹੜੀ ਕਿਸਮ ਦੇ ਹੁੰਦੇ ਹਨ?**

ੳ. ਬਿਨੈ-ਪੱਤਰ	ਅ. ਦਫ਼ਤਰੀ ਪੱਤਰ
ੲ. ਨਿੱਜੀ ਪੱਤਰ	ਸ. ਵਪਾਰਕ ਪੱਤਰ।

**130. ਟੈਲੀਵੀਜ਼ਨ ਦੇ ਕਿਸੇ ਪ੍ਰੋਗਰਾਮ ਸੰਬੰਧੀ ਸੁਝਾਅ ਦੇਣ ਲਈ ਕਿਸ ਨੂੰ ਪੱਤਰ ਲਿਖੋਗੇ?**

ੳ. ਸੰਪਾਦਕ ਨੂੰ	ਅ. ਡੀ.ਸੀ. ਨੂੰ
ੲ. ਸਰਪੰਚ ਨੂੰ	ਸ. ਡਾਇਰੈਕਟਰ ਨੂੰ।

**131. ਤੁਹਾਡੀ ਜਮਾਤ ਕੋਈ ਇਤਿਹਾਸਿਕ ਸਥਾਨ ਵੇਖਣਾ ਚਾਹੁੰਦੀ ਹੈ। ਤੁਸੀਂ ਇਸ ਦੀ ਆਗਿਆ ਲਈ ਪੱਤਰ ਕਿਸ ਨੂੰ ਲਿਖੋਗੇ?**

ੳ. ਸਰਪੰਚ ਨੂੰ	ਅ. ਡੀ.ਸੀ. ਨੂੰ
ੲ. ਸਕੂਲ ਮੁਖੀ ਨੂੰ	ਸ. ਡੀ.ਈ.ਓ. ਨੂੰ।

**132. 'ਮਖੌਲੀਆ' ਸ਼ਬਦ ਤੋਂ ਕੀ ਭਾਵ ਹੈ?**

ੳ. ਚੇਤੰਨ	ਅ. ਲੜਾਕਾ
ੲ. ਮਜ਼ਾਕੀਆ	ਸ. ਰਿਸ਼ਤੇਦਾਰ।

**133. 'ਰਮਾਨ' ਸ਼ਬਦ ਤੋਂ ਕੀ ਭਾਵ ਹੈ?**

ੳ. ਆਰਾਮ	ਅ. ਬਰਬਾਦ	ੲ. ਮਾਫ਼ੀ	ਸ. ਸਖ਼ਤ।

**134. ਖਾਣ ਵਾਲ਼ੇ ਸਮਾਨ ਵਿੱਚ ਮਿਲ਼ਾਵਟ ਲਈ ਤੁਸੀਂ ਕਿਸ ਨੂੰ ਪੱਤਰ ਲਿਖੋਗੇ?**

ੳ. ਅਖ਼ਬਾਰ ਦੇ ਸੰਪਾਦਕ ਨੂੰ	ਅ. ਸਕੂਲ ਮੁਖੀ ਨੂੰ
ੲ. ਡੀ.ਈ.ਓ. ਨੂੰ	ਸ. ਸਰਪੰਚ ਨੂੰ।

**135. 'ਸਦੀ' ਸ਼ਬਦ ਦਾ ਸਹੀ ਅਰਥ ਕੀ ਹੈ?**

ੳ. ਦਸ ਸਾਲ	ਅ. ਪੰਜਾਹ ਸਾਲ
ੲ. ਸੌ ਸਾਲ	ਸ. ਹਜ਼ਾਰ ਸਾਲ।

**136. 'ਪੁਰਸਕਾਰ' ਦਾ ਸਹੀ ਸਮਾਨਾਰਥਕ ਸ਼ਬਦ ਦੱਸੋ।**

ੳ. ਸਜ਼ਾ	ਅ. ਇਨਾਮ	ੲ. ਦੁਰਕਾਰ	ਸ. ਧੱਕੇ।